Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 237 04/02/2026 www.samajweekly.com samajweekly @samajweekly samajweekly

# ਲੋਕ ਸਭਾ ’ਚ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਵਿਚਾਲੇ ਟਕਰਾਅ ਵਧਿਆ

## ਕਾਗਜ਼ ਸੁੱਟਣ ਦੇ ਦੋਸ਼ ’ਚ ਵਿਰੋਧੀ ਧਿਰ ਦੇ ਅੱਠ ਸੰਸਦ ਮੈਂਬਰ ਮੁਅੱਤਲ

**ਨਵੀਂ ਦਿੱਲੀ।** ਸਾਬਕਾ ਫੌਜ ਮੁਖੀ ਐਮ.ਐਮ. ਨਰਵਣੇ ਦੀ ਅਣਪ੍ਰਕਾਸ਼ਿਤ ਕਿਤਾਬ ਦੇ ਮੁੱਦੇ ਨੂੰ ਲੈ ਕੇ ਲੋਕ ਸਭਾ ’ਚ ਰੇੜਕੇ ਦੇ ਵਿਚਕਾਰ ਮੰਗਲਵਾਰ ਨੂੰ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਵਿਚਾਲੇ ਟਕਰਾਅ ਦਾ ਨਵਾਂ ਮੋਰਚਾ ਸ਼ੁਰੂ ਹੋ ਗਿਆ, ਜਦੋਂ ਪੋਡੀਅਮ ਦੇ ਨੇੜੇ ਕਾਗ਼ਜ਼ ਉਛਾਲਣ ਦੇ ਦੋਸ਼ ’ਚ ਵਿਰੋਧੀ ਧਿਰ ਦੇ ਅੱਠ ਸੰਸਦ ਮੈਂਬਰਾਂ ਨੂੰ ਮੌਜੂਦਾ ਬਜਟ ਸੈਸ਼ਨ ਦੇ ਬਾਕੀ ਬਚੇ ਸਮੇਂ ਲਈ ਮੁਅੱਤਲ ਕਰ ਦਿਤਾ ਗਿਆ।

ਕਾਂਗਰਸ ਦੇ ਸੱਤ ਮੈਂਬਰਾਂ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਇਕ ਸੰਸਦ ਮੈਂਬਰ ਨੂੰ ਸਦਨ ਤੋਂ ਮੁਅੱਤਲ ਕਰ ਦਿਤਾ ਗਿਆ ਹੈ। ਸਦਨ ’ਚ ਰੇੜਕੇ ਵਿਚਕਾਰ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਸਾਬਕਾ ਫੌਜ ਮੁਖੀ ਐਮ.ਐਮ. ਨਰਵਣੇ ਦੀਆਂ ਅਣਪ੍ਰਕਾਸ਼ਿਤ ਯਾਦਾਂ ਉਤੇ ਆਧਾਰਤ ਇਕ ਲੇਖ ਦਾ ਹਵਾਲਾ ਦੇ ਕੇ ਚੀਨ ਦਾ ਮੁੱਦਾ ਉਠਾਉਣ ਦੀ ਕੋਸ਼ਿਸ਼ ਕੀਤੀ, ਪਰ ਸਦਨ ਨੇ ਇਸ ਦੀ ਇਜਾਜ਼ਤ ਨਹੀਂ ਦਿਤੀ। ਹਾਲਾਂਕਿ, ਉਨ੍ਹਾਂ ਨੇ ਲੇਖ ਦੀ ਪੁਸ਼ਟੀ ਕੀਤੀ ਅਤੇ ਇਸ ਨੂੰ ਸਦਨ ਦੇ ਮੇਜ਼ ਉਤੇ ਰੱਖਿਆ। ਹੰਗਾਮੇ ਕਾਰਨ ਤਿੰਨ ਵਾਰੀ ਮੁਲਤਵੀ ਕਰਨ ਤੋਂ ਬਾਅਦ ਸਦਨ ਦੀ ਕਾਰਵਾਈ ਬੁਧਵਾਰ ਸਵੇਰੇ 11 ਵਜੇ ਤਕ ਮੁਲਤਵੀ ਕਰ ਦਿਤੀ ਗਈ।

ਸਦਨ ’ਚ ਰਾਸ਼ਟਰਪਤੀ ਦੇ ਭਾਸ਼ਣ ਉਤੇ ਧੰਨਵਾਦ ਮਤੇ ਉਤੇ ਚੱਲ ਰਹੀ ਚਰਚਾ ’ਚ ਰਾਹੁਲ ਗਾਂਧੀ ਵਲੋਂ ਨਰਵਣੇ ਦੀ ਅਣਪ੍ਰਕਾਸ਼ਿਤ ਯਾਦਾਂ ਦਾ ਹਵਾਲਾ ਦੇਣ ਦੀ ਕੋਸ਼ਿਸ਼ ਕਰਨ ਦੇ ਮੁੱਦੇ ਉਤੇ ਤਿੰਨ ਵਾਰ ਮੁਲਤਵੀ ਕਰਨ ਤੋਂ ਬਾਅਦ ਜਦੋਂ ਪੀਠਾਸੀਨ ਸਭਾਪਤੀ ਦਿਲੀਪ ਸੈਕੀਆ ਨੇ ਸਦਨ ਦੀ ਹੁਕਮਅਦੂਲੀ ਕਰਨ ਲਈ ਕਾਂਗਰਸੀ ਮੈਂਬਰਾਂ ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਦੀਪ ਸਿੰਘ ਔਜਲਾ, ਹਿਬੀ ਈਡਨ, ਡੀਨ ਕੁਰੀਆਕੋਸ, ਪ੍ਰਸ਼ਾਂਤ ਪਡੋਲੇ, ਕਿਰਨ ਕੁਮਾਰ ਰੈਡੀ ਅਤੇ ਮਣਿਕਮ ਟੈਗੋਰ ਅਤੇ ਸੀ.ਪੀ.ਆਈ. (ਐਮ) ਦੇ ਸੰਸਦ ਮੈਂਬਰ ਐਸ. ਵੈਂਕਟੇਸਨ ਦੇ ਨਾਂ ਲਏ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜਿਜੂ ਨੇ ਅੱਠ ਮੈਂਬਰਾਂ ਦਾ ਨਾਮ ਲੈਂਦੇ ਹੋਏ ਸਦਨ ਵਿਚ ਇਕ ਮਤਾ ਪੇਸ਼ ਕੀਤਾ ਕਿ ਸਦਨ ਦਾ ਅਪਮਾਨ ਕਰਨ ਅਤੇ ਸਕੱਤਰ ਜਨਰਲ ਤੇ ਲੋਕ ਸਭਾ ਅਧਿਕਾਰੀਆਂ ਦੀ ਮੇਜ਼ ਉਤੇ ਕਾਗਜ਼ ਸੁੱਟ ਕੇ ਸਦਨ ਦੀ ਇੱਜ਼ਤ ਨੂੰ ਢਾਹ ਲਾਉਣ ਦੇ ਦੋਸ਼ ਵਿਚ ਨਿਯਮ 374 (2) ਦੇ ਤਹਿਤ ਸੰਸਦ ਦੇ ਮੌਜੂਦਾ ਸੈਸ਼ਨ ਦੇ ਬਾਕੀ ਬਚੇ ਸਮੇਂ ਲਈ ਸਾਰੇ ਮੈਂਬਰਾਂ ਨੂੰ ਮੁਅੱਤਲ ਕੀਤਾ ਜਾਵੇ। ਸਦਨ ਨੇ ਜ਼ੁਬਾਨੀ ਵੋਟ ਰਾਹੀਂ ਮਤੇ ਨੂੰ ਮਨਜ਼ੂਰੀ ਦੇ ਦਿਤੀ, ਜਿਸ ਤੋਂ ਬਾਅਦ ਸਦਨ ਨੂੰ ਦਿਨ ਲਈ ਮੁਲਤਵੀ ਕਰ ਦਿਤਾ ਗਿਆ। ਇਸ ਤੋਂ ਪਹਿਲਾਂ ਰਾਹੁਲ ਗਾਂਧੀ ਵਲੋਂ ਚੀਨ ਦਾ ਮੁੱਦਾ ਉਠਾਉਣ ਦੀ ਕੋਸ਼ਿਸ਼, ਅਮਰੀਕਾ ਨਾਲ ਵਪਾਰ ਸਮਝੌਤੇ ਅਤੇ ਕੁੱਝ ਹੋਰ ਮੁੱਦਿਆਂ ਨੂੰ ਲੈ ਕੇ ਸਦਨ ਦੀ ਕਾਰਵਾਈ ਤਿੰਨ ਵਾਰ ਮੁਲਤਵੀ ਕਰਨੀ ਪਈ ਸੀ। ਇਸ ਦੌਰਾਨ ਸਮਾਜਵਾਦੀ ਪਾਰਟੀ ਦੇ ਮੈਂਬਰਾਂ ਨੇ ਵਾਰਾਣਸੀ ਦੇ ਮਣੀਕਰਣਿਕਾ ਘਾਟ ਉਤੇ ਮਹਾਰਾਣੀ ਅਹਿਲਿਆਬਾਈ ਹੋਲਕਰ ਦੇ ਬੁੱਤ ਦੀ ਕਥਿਤ ਭੰਨਤੋੜ ਦਾ ਮੁੱਦਾ ਉਠਾਇਆ ਅਤੇ ‘ਅਹਿਲਿਆਬਾਈ ਦਾ ਅਪਮਾਨ, ਹਿੰਦੁਸਤਾਨ ਬਰਦਾਸ਼ਤ ਨਹੀਂ ਕਰੇਗਾ’ ਦੇ ਨਾਅਰੇ ਲਗਾਏ। ਮੁਅੱਤਲ ਵਿਰੋਧੀ ਧਿਰ ਦੇ ਮੈਂਬਰਾਂ ਨੇ ਸੰਸਦ ਕੰਪਲੈਕਸ ਵਿਚ ਸਰਕਾਰ ਵਿਰੁਧ ਨਾਅਰੇਬਾਜ਼ੀ ਕੀਤੀ। ਉਨ੍ਹਾਂ ਨਾਲ ਰਾਹੁਲ ਗਾਂਧੀ, ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਅਤੇ ਕਈ ਹੋਰ ਵਿਰੋਧੀ ਧਿਰ ਦੇ ਸੰਸਦ ਮੈਂਬਰ ਵੀ ਮੌਜੂਦ ਸਨ।



# ਸੰਵਿਧਾਨ ਨਹੀਂ ਮੰਨ ਸਕਦੇ ਤਾਂ ਭਾਰਤ ਛੱਡ ਦਿਉ: ਸੁਪਰੀਮ ਕੋਰਟ

## ਵਟਸਐਪ ਦੀ ਪ੍ਰਾਇਵੇਸੀ ਪਾਲਿਸੀ ’ਤੇ ਸੁਪਰੀਮ ਕੋਰਟ ਦੀ ਮੈਟਾ ਨੂੰ ਝਾੜ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਮੈਟਾ ਅਤੇ ਵਟਸਐਪ ਨੂੰ ਉਨ੍ਹਾਂ ਦੀ ਪ੍ਰਾਇਵੇਸੀ ਪਾਲਿਸੀ ’ਤੇ ਸਖ਼ਤ ਫਟਕਾਰ ਲਗਾਈ। ਅਦਾਲਤ ਨੇ ਕਿਹਾ ਕਿ ਉਹ ਇਨ੍ਹਾਂ ਕੰਪਨੀਆਂ ਨੂੰ ਲੋਕ ਦੀ ਇਕ ਵੀ ਜਾਣਕਾਰੀ ਸਾਂਝੀ ਨਹੀਂ ਕਰਨ ਦੇਵੇਗੀ ਅਤੇ ਦੇਸ਼ਵਾਸੀਆਂ ਦੇ ਅਧਿਕਾਰਾਂ ਨਾਲ ਖੇਡਿਆ ਨਹੀਂ ਜਾ ਸਕਦਾ। ਚੀਫ਼ ਜਸਟਿਸ ਸੂਰਿਆਕਾਂਤ ਨੇ ਕਿਹਾ, ‘‘ਜੇਕਰ ਤੁਸੀਂ ਸਾਡੇ



ਸੰਵਿਧਾਨ ਦਾ ਪਾਲਣ ਨਹੀਂ ਕਰ ਸਕਦੇ, ਤਾਂ ਭਾਰਤ ਛੱਡ ਦਿਉ। ਅਸੀਂ ਨਾਗਰਿਕਾਂ ਦੀ ਪ੍ਰਾਇਵੇਸੀ ਨਾਲ ਸਮਝੌਤਾ ਨਹੀਂ ਹੋਣ ਦੇਵਾਂਗੇ।’’ ਜਸਟਿਸ ਸੂਰਿਆਕਾਂਤ, ਜਸਟਿਸ ਜੋਏਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਪੰਚੋਲੀ ਦੀ ਬੈਂਚ ਮੈਟਾ ਦੀ ਅਪੀਲ ’ਤੇ ਸੁਣਵਾਈ ਕਰ ਰਹੀ ਸੀ। ਇ ਅਪੀਲ ਵਟਸਐਪ ਦੀ 2021 ਪ੍ਰਾਇਵੇਸੀ ਪਾਲਿਸੀ ਨਾਲ ਜੁੜੀ ਹੋਈ ਹੈ, ਜਿਸ ’ਚ ਕੰਪੀਟੀਸ਼ਨ ਕਮਿਸ਼ਨ ਆਫ਼ ਇੰਡੀਆ (ਸੀ.ਸੀ.ਆਈ.) ਨੇ ਨਵੰਬਰ 2024 ’ਚ ਮੈਟਾ ਉਤੇ 213.14 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਸੀ। ਇਸ ਨੂੰ ਰਾਸ਼ਟਰੀ ਕੰਪਨੀ ਕਾਨੂੰਨੀ ਅਪੀਲੀ ਟ੍ਰਿਬਿਊਨਲ ਨੇ ਬਰਕਰਾਰ ਰਖਿਆ ਸੀ। ਸੁਪਰੀਮ ਕੋਰਟ ਦੀ ਬੈਂਚ ਨੇ ਅਪੀਲ ’ਚ ਆਈ.ਟੀ. ਮੰਤਰਾਲੇ ਨੂੰ ਵੀ ਧਿਰ ਬਣਾਉਣ ਲਈ ਕਿਹਾ ਹੈ। ਅਦਾਲਤ 9 ਫ਼ਰਵਰੀ ਨੂੰ ਅੰਤਰਿਮ ਹੁਕਮ ਦੇਵੇਗੀ।

# ਦੇਹਰਾਦੂਨ ਵਿੱਚ 100 ਮੀਟਰ ਡੂੰਘੀ ਖੱਡ ਵਿੱਚ ਡਿੱਗੀ ਬੱਸ, 4 ਦੀ ਮੌਤ

### 32 ਤੋਂ ਵੱਧ ਸਵਾਰੀਆਂ ਜ਼ਖ਼ਮੀ, 12 ਦੀ ਹਾਲਤ ਗੰਭੀਰ

**ਦੇਹਰਾਦੂਨ।** ਦੇਹਰਾਦੂਨ ਵਿੱਚ ਹਿਮਾਚਲ ਪ੍ਰਦੇਸ਼ ਦੀ ਹਿਮਾਚਲ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ੂਠਫ) ਦੀ ਇੱਕ ਬੱਸ 100 ਮੀਟਰ ਡੂੰਘੀ ਖੱਡ ਵਿੱਚ ਡਿੱਗ ਗਈ। ਹਾਦਸੇ ਵਿਚ ਚਾਰ ਯਾਤਰੀਆਂ ਦੀ ਮੌਤ ਹੋ ਗਈ। 32 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ 12 ਦੀ ਹਾਲਤ ਗੰਭੀਰ ਹੈ। ਹਾਦਸੇ ਤੋਂ ਬਾਅਦ ਰਾਹਗੀਰਾਂ ਅਤੇ ਪਿੰਡ ਵਾਸੀਆਂ ਨੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਅਤੇ ਬਚਾਅ ਟੀਮਾਂ ਤੁਰੰਤ ਘਟਨਾ ਸਥਾਨ 'ਤੇ ਪਹੁੰਚੀਆਂ ਅਤੇ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਜ਼ਖ਼ਮੀਆਂ ਨੂੰ ਵਿਕ-ਾਸਨਗਰ ਦੇ ਨਜ਼ਦੀਕੀ



ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਜਾਰੀ ਹੈ। ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਜ਼ਖ਼ਮੀਆਂ ਦਾ ਹਾਲ-ਚਾਲ ਪੁੱਛਣ ਲਈ ਦੇਹਰਾਦੂਨ ਦੇ ਅਧਿਕਾਰੀਆਂ ਨੂੰ ਫੋਨ ਕੀਤਾ। ਇਸ ਦੌਰਾਨ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਜ਼ਿਲ੍ਹਾ ਮੈਜਿਸਟ੍ਰੇਟ ਸਾਵਿਨ ਬਾਂਸਲ ਨੂੰ ਫੋਨ ਕੀਤਾ ਅਤੇ ਨੇੜਲੇ ਹਸਪਤਾਲਾਂ ਨੂੰ ਅਲਰਟ ਰਹਿਣ ਦੇ ਨਿਰਦੇਸ਼ ਦਿੱਤੇ। ਐਸਡੀਆਰਐਫ ਅਧਿਕਾਰੀ ਅਰਪਨ ਯਦੁਵੰਸ਼ੀ ਨੇ ਦੱਸਿਆ ਕਿ ਇਹ ਹਾਦਸਾ ਦੇਹਰਾਦੂਨ ਦੇ ਟਿਊਨੀ ਖੇਤਰ ਵਿੱਚ ਵਾਪਰਿਆ। ਸਵੇਰੇ 10 ਵਜੇ ਦੇ ਕਰੀਬ, ਹਿਮਾਚਲ ਪ੍ਰਦੇਸ਼ ਦੇ ਨੇਰਵਾ-ਚੌਪਾਲ ਤੋਂ ਪਾਉਂਟਾ ਸਾਹਿਬ ਜਾ ਰਹੀ ਇੱਕ ਐਚਆਰਟੀਸੀ ਬੱਸ ਕੰਟਰੋਲ ਗੁਆ ਬੈਠੀ ਅਤੇ ਹਰੀਪੁਰ-ਕਵਾਨੂ ਮਾਈਨਜ਼ ਰੋਡ 'ਤੇ ਕਵਾਨੂ ਨੇੜੇ ਇੱਕ ਡੂੰਘੀ ਖੱਡ ਵਿੱਚ ਡਿੱਗ ਗਈ।

# ਤਿੰਨ ਦਿਨਾਂ ਦੀ ਗਿਰਾਵਟ ਤੋਂ ਬਾਅਦ ਸੋਨੇ-ਚਾਂਦੀ ਦੀਆਂ ਕੀਮਤਾਂ 'ਚ ਵਾਧਾ

**ਚੰਡੀਗੜ੍ਹ ।** ਲਗਾਤਾਰ ਤਿੰਨ ਦਿਨਾਂ ਦੀ ਗਿਰਾਵਟ ਤੋਂ ਬਾਅਦ, ਅੱਜ, 3 ਫਰਵਰੀ ਨੂੰ ਸੋਨੇ ਅਤੇ ਚਾਂਦੀ ਦੇ ਬਾਜ਼ਾਰਾਂ ਵਿੱਚ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਂਛਯ ਫਿਊਚਰਜ਼ ਬਾਜ਼ਾਰ ਵਿੱਚ ਚਾਂਦੀ ਦੀਆਂ ਕੀਮਤਾਂ ਵਿੱਚ ਲਗਭਗ ₹17,000 (7%) ਦਾ ਵਾਧਾ ਹੋਇਆ ਹੈ। 1 ਕਿਲੋ ਚਾਂਦੀ ਦੀ ਕੀਮਤ ₹2.53 ਲੱਖ ਤੱਕ ਪਹੁੰਚ ਗਈ ਹੈ।
ਇਸ ਤੋਂ ਪਹਿਲਾਂ, ਚਾਂਦੀ ਦੀ ਕੀਮਤ ਤਿੰਨ ਦਿਨਾਂ ਵਿੱਚ ₹1.60 ਲੱਖ ਦੀ ਗਿਰਾਵਟ ਆਈ ਸੀ। ਸੋਨੇ ਵਿੱਚ ਵੀ ਲਗਭਗ ₹5,000 (3%) ਦਾ ਵਾਧਾ ਹੋਇਆ ਸੀ। 10 ਗ੍ਰਾਮ ਸੋਨਾ ₹1.45 ਲੱਖ ਤੱਕ ਪਹੁੰਚ ਗਿਆ ਹੈ। ਪਿਛਲੇ ਤਿੰਨ ਵਪਾਰਕ ਦਿਨਾਂ ਵਿੱਚ ਇਸਦੀ ਕੀਮਤ ₹26,000 ਦੀ ਗਿਰਾਵਟ ਆਈ ਸੀ। ਇੰਡੀਆ ਬੁਲੀਅਨ ਐਂਡ ਜਵੈਲਰਜ਼ ਐਸੋਸੀਏਸ਼ਨ (ਿਭਝਅ) ਦੇ ਅਨੁਸਾਰ, ਅੱਜ ਸਰਾਫਾ ਬਾਜ਼ਾਰ ਵਿੱਚ ਚਾਂਦੀ ₹2,55,372 ਪ੍ਰਤੀ ਕਿਲੋਗ੍ਰਾਮ 'ਤੇ ਵਿਕ ਰਹੀ ਹੈ। 24 ਕੈਰੇਟ ਸੋਨੇ ਦੇ 10 ਗ੍ਰਾਮ ਦੀ ਕੀਮਤ ₹1,50,708 ਹੈ।




ਪਿਛਲੇ ਤਿੰਨ ਦਿਨਾਂ ਵਿੱਚ ਮੁਨਾਫਾ ਵਸੂਲੀ ਕਾਰਨ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਗਿਰਾਵਟ ਆਈ ਸੀ।

# ਰੂਸ ਨੂੰ ਤੇਲ ਦੀ ਖਰੀਦ ਰੋਕਣ ਬਾਰੇ ਭਾਰਤ ਤੋਂ ਨਹੀਂ ਮਿਲਿਆ ਕੋਈ ਸੁਨੇਹਾ: ਕ੍ਰੇਮਲਿਨ ਦੇ ਬੁਲਾਰੇ

**ਮਾਸਕੋ:** ਰੂਸ ਸਰਕਾਰ ਦੇ ਬੁਲ-ਾਰੇ ਦਿਮਿੱਤਰੀ ਪੇਸਕੋਵ ਨੇ ਕਿਹਾ ਕਿ ਰੂਸ ਨੇ ਰੂਸ ਦੀ ਤੇਲ ਖਰੀਦ ਨੂੰ ਰੋਕਣ ਬਾਰੇ ਭਾਰਤ ਤੋਂ ਕੋਈ ਬਿਆਨ ਨਹੀਂ ਸੁਣਿਆ ਹੈ। ਉਨ੍ਹਾਂ ਦੀ ਇਹ ਟਿਪਣੀ ਉਸ ਸਮੇਂ ਆਈ ਹੈ ਜਦੋਂ ਇਕ ਦਿਨ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰੂਸੀ ਤੇਲ ਖਰੀਦਣਾ ਬੰਦ ਕਰਨ ਅਤੇ ਅਮਰੀਕਾ ਅਤੇ ਸੰਭਾਵਤ ਤੌਰ ਉਤੇ ਵੈਨੇਜ਼ੁਏਲਾ ਤੋਂ ਹੋਰ ਵੀ ਜ਼ਿਆਦਾ ਖਰੀਦਣ ਲਈ ਸਹਿਮਤ ਹੋ ਗਏ ਹਨ। ਪੇਸਕੋਵ ਨੇ ਕਿਹਾ, ‘‘ਅਸੀਂ ਅਜੇ ਤਕ ਇਸ ਮਾਮਲੇ ਉਤੇ ਨਵੀਂ ਦਿੱਲੀ ਤੋਂ ਕੋਈ ਬਿਆਨ ਨਹੀਂ ਸੁਣਿਆ ਹੈ।’’ ਰੂਸੀ ਮੀਡੀਆ ਰੀਪੋਰਟਾਂ ਮੁਤਾਬਕ ਕ੍ਰੇਮਲਿਨ ਦੇ ਬੁਲਾਰੇ ਨੇ ਇਹ ਵੀ ਕਿਹਾ ਕਿ ਰੂਸ ਭਾਰਤ ਨਾਲ ਅਪਣੇ ਸਬੰਧਾਂ ਨੂੰ ਹਰ ਸੰਭਵ ਤਰੀਕੇ ਨਾਲ ਵਿਕਸਿਤ ਕਰਨਾ ਜਾਰੀ ਰੱਖਣ ਦਾ ਇਰ-ਾਦਾ ਰੱਖਦਾ ਹੈ।ਉਪ ਪ੍ਰਧਾਨ ਮੰਤਰੀ ਅਲੈਗਜ਼ੈਂਡਰ ਨੋਵਾਕ, ਜੋ ਕੈਬਨਿਟ ਵਿਚ ਊਰਜਾ ਖੇਤਰ ਦੀ



ਨਿਗਰਾਨੀ ਕਰਦੇ ਹਨ, ਨੇ ਕਿਹਾ ਕਿ ਸਰਕਾਰ ਸਥਿਤੀ ਉਤੇ ਨੇੜਿਓਂ ਨਜ਼ਰ ਰੱਖ ਰਹੀ ਹੈ। ਉਨ੍ਹਾਂ ਕਿਹਾ ਕਿ ਰੂਸ ਨੂੰ ਭਰੋਸਾ ਹੈ ਕਿ ਉਸ ਦੇ ਊਰਜਾ ਸਰੋਤਾਂ ਦੀ ਵਿਸ਼ਵ ਪੱਧਰ ਉਤੇ ਮੰਗ ਜਾਰੀ ਰਹੇਗੀ, ਕਿਉਂਕਿ ਉਹ ਸਪਲਾਈ ਅਤੇ ਮੰਗ ਵਿਚਕਾਰ ਸੰਤੁਲਨ ਨੂੰ ਯਕੀਨੀ ਬਣਾਉਂਦੇ ਹਨ।
ਰੂਸ ਦੇ ਊਰਜਾ ਮੰਤਰਾਲੇ ਦੇ ਸੂਤਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਭਾਰਤੀ ਰਿਫਾਇਨਰਾਂ ਤੋਂ ਇਕਰਾਰਨਾਮੇ ਰੱਦ ਕਰਨ ਲਈ ਕੋਈ ਨੋਟਿਸ ਨਹੀਂ ਮਿਲਿਆ ਹੈ। ਜ਼ਿਕਰਯੋਗ ਹੈ ਕਿ ਟਰੱਥ ਸੋਸ਼ਲ ਉਤੇ ਇਕ ਪੋਸਟ ’ਚ ਟਰੰਪ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕਰਦਿਆਂ ਐਲਾਨ ਕੀਤਾ ਕਿ ਭਾਰਤ ਅਤੇ ਅਮਰੀਕਾ ਇਕ ਵਪਾਰ ਸਮਝੌਤੇ ਉਤੇ ਸਹਿਮਤ ਹੋਏ ਹਨ, ਜਿਸ ਦੇ ਤਹਿਤ ਵਾਸ਼ਿੰਗਟਨ ਦਿੱਲੀ ਉਤੇ ਜਵਾਬੀ ਟੈਰਿਫ ਘਟਾਏਗਾ ਅਤੇ ਇਸ ਨੂੰ 25 ਫੀ ਸਦੀ ਤੋਂ ਘਟਾ ਕੇ 18 ਫੀ ਸਦੀ ਕਰ ਦੇਵੇਗਾ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਵਿਆਹ ਦੀਆਂ ਖੁਸ਼ੀਆਂ ਵਿਚਕਾਰ ਕਹਿਰ, ਡੇਰਾਬੱਸੀ ਦੇ ਨੌਜਵਾਨ ਨੇ ਫਾਹਾ ਲੈ ਕੇ ਕੀਤੀ ਖੁਦਕੁਸ਼ੀ

**ਡੇਰਾਬੱਸੀ :** ਹਲਕਾ ਡੇਰਾਬੱਸੀ ਦੇ ਪਿੰਡ ਖੇੜੀ ਗੁਜਰਾਂ ਵਿਚ ਇਕ ਨੌਜਵਾਨ 27 ਸਾਲਾ ਕੁਲਦੀਪ ਸਿੰਘ ਪੁੱਤਰ ਸਵ. ਫੂਲ ਚੰਦ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਦੇ ਸਾਲੇ ਦਾ ਭਲਕੇ ਵਿਆਹ ਹੈ ਅਤੇ ਬਰਾਤ ਚੜ੍ਹਨੀ ਸੀ, ਪਰ ਇਸ ਘਟਨਾ ਨੇ ਖੁਸ਼ੀਆਂ ਨੂੰ ਗਮ ਵਿਚ ਬਦਲ ਦਿਤਾ। ਜਾਣਕਾਰੀ ਮੁਤਾਬਿਕ ਕੁਲਦੀਪ ਸਿੰਘ ਡੇਰਾਬੱਸੀ ਸਥਿਤ ਪੀਸੀਸੀਪੀਐਲ ਫੈਕਟਰੀ ਵਿਚ ਕੰਮ ਕਰਦਾ ਸੀ। ਪਰਵਾਰਕ ਸੂਤਰਾਂ ਅਨੁਸਾਰ ਕੁਲਦੀਪ ਸਿੰਘ ਦੇ ਪਿਤਾ ਦੀ ਬਚਪਨ ਵਿੱਚ ਹੀ ਮੌਤ ਹੋ ਗਈ ਸੀ ਅਤੇ ਉਹ ਆਪਣੀ ਭੈਣ ਦਾ ਇਕਲੌਤਾ ਭਰਾ ਸੀ। ਕਰੀਬ ਛੇ ਮਹੀਨੇ ਪਹਿਲਾਂ ਉਸਦੀ ਮਾਂ ਦਾ ਵੀ ਦੇਹਾਂਤ ਹੋ ਗਿਆ



ਸੀ, ਜਿਸ ਕਾਰਨ ਉਹ ਗਹਿਰੇ ਸਦਮੇ ਵਿੱਚ ਸੀ। ਪਿੰਡ ਵਾਸੀਆਂ ਨੇ ਦੱਸਿਆ ਕਿ ਮਾਂ ਦੀ ਮੌਤ ਮਗਰੋਂ ਉਹ ਅਕਸਰ ਡਿਪਰੈਸ਼ਨ ਵਿੱਚ ਰਹਿੰਦਾ ਸੀ। ਉਹ ਬੀਤੀ ਸ਼ਾਮ ਆਪਣੀ ਪਤਨੀ ਅਤੇ ਬੱਚੇ ਨੂੰ ਸਹੁਰੇ ਪਿੰਡ ਛੱਡਣ ਗਿਆ ਸੀ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਫ਼ਰਜ਼ੀ ਵੀਜ਼ੇ ਲਗਾ ਕੇ ਠੱਗੀਆਂ ਮਾਰਨ ਵਾਲੇ ਗਰੋਹ ਦਾ ਪਰਦਾਫ਼ਾਸ਼, ਫ਼ਿਰੋਜ਼ਪੁਰ ਤੋਂ ਚਾਰ ਵਿਅਕਤੀਆਂ ਨੂੰ ਸਾਈਬਰ ਸੈੱਲ ਦੀ ਟੀਮ ਨੇ ਕੀਤਾ ਗ੍ਰਿਫ਼ਤਾਰ



**ਬਰਨਾਲਾ :** ਜ਼ਿਲ੍ਹਾ ਬਰਨਾਲਾ ਦੇ ਥਾਣਾ ਸਾਈਬਰ ਸੈੱਲ ਦੀ ਟੀਮ ਨੇ ਪਾਕਿਸਤਾਨ ਅਤੇ ਦੁਬਈ ਵਿਚ ਬੈਠੇ ਵਿਅਕਤੀਆਂ ਨਾਲ ਮਿਲ ਕੇ ਬਾਹਰਲੇ ਰਿਸ਼ਤੇਦਾਰ ਬਣਾ ਕੇ ਅਤੇ ਜਾਲੀ ਵੀਜ਼ੇ ਲਗਾਉਣ ਦੇ ਨਾਮ ’ਤੇ ਫੇਕ ਵਸ ਨੰਬਰਾਂ ਦੀ ਅਤੇ ਬੈਂਕ ਅਕਾਊਂਟਸ ਦੀ ਵਰਤੋਂ ਕਰ ਕੇ ਠੱਗੀਆਂ ਮਾਰਨ ਵਾਲੇ ਗਿਰੋਹ ਦਾ ਪਰਦਾਫ਼ਾਸ਼ ਕੀਤਾ। ਡੀਐਸਪੀ ਬਰਨਾਲਾ ਸਤਬੀਰ ਸਿੰਘ ਬੈਂਸ ਨੇ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਦਸਿਆ ਕਿ ਆਤਮਾ ਸਿੰਘ ਪੁੱਤਰ ਨਾਹਰ ਸਿੰਘ ਨਿਵਾਸੀ ਲੋਹਗੜ ਵਲੋਂ ਦਰਜ ਕਰਵਾਈ ਗਈ ਐਫ਼ਆਰਆਈ ’ਤੇ ਕਾਰਵਾਈ ਕਰਦਿਆਂ ਸਾਈਬਰ ਸੈਲ ਦੀ ਟੀਮ ਨੇ ਫ਼ਿਰੋਜ਼ਪੁਰ ਦੇ ਰਹਿਣ ਵਾਲੇ ਚਾਰ ਵਿਅਕਤੀ ਲਵਦੀਪ ਸਿੰਘ ਉਰਫ਼ ਲਵਲੀ, ਮਲਕੀਤ ਸਿੰਘ ਉਰਫ਼ ਕੀਤੂ, ਲਖਵਿੰਦਰ ਸਿੰਘ, ਸੁਖਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦਸਿਆ ਕਿ ਇਹ ਗੈਂਗ ਭੋਲੇ ਭਾਲੇ ਲੋਕਾਂ ਨੂੰ ਥੋੜਾ ਲਾਲਚ ਦੇ ਕੇ ਮੂਲੀ ਬੈਂਕ ਅਕਾਊਂਟ ਖੁਲ੍ਹਵਾਉਂਦੇ ਸਨ ਫਿਰ ਇਹ ਗੈਂਗ ਫੇਕ ਵਿਦੇਸ਼ੀ ਵਸ ਨੰਬਰ +1(506) 406 8565 ਅਤੇ +60 16-403 2354 ਦੀ ਵਰਤੋਂ ਕਰ ਕੇ ਉਨ੍ਹਾਂ ਦੇ ਬਾਹਰਲੇ ਦੇਸ਼ ਦੇ ਰਿਸ਼ਤੇਦਾਰ ਬਣਾ ਕੇ ਅਤੇ ਬਾਹਰਲੇ ਦੇਸ਼ ਵੀਜ਼ਾ ਏਜੰਟ ਬਣ ਕੇ ਕਾਲ ਕਰਦੇ ਸਨ। ਫਿਰ ਉਨ੍ਹਾਂ ਲੋਕਾਂ ਨੂੰ ਗੁਮਰਾਹ ਕਰ ਕੇ ਉਨ੍ਹਾਂ ਦੇ ਅਕਾਊਂਟ ਵਿਚ ਪੈਸੇ ਪਵਾ ਲੈਂਦੇ ਸਨ। ਪੰਜਾਬ ਤੋਂ ਇਲਾਵਾ ਬਾਹਰਲੇ ਹੋਰ ਰਾਜਾਂ ਵਿਚ ਵੀ ਠੱਗੀਆਂ ਮਾਰਦੇ ਸਨ। ਮਾਮਲੇ ਦੀ ਤਕਨੀਕੀ ਤਰੀਕੇ ਨਾਲ ਜਾਂਚ ਕੀਤੀ ਗਈ ਅਤੇ ਮੁਲਜਮਾਂ ਦੇ ਬੈਂਕ ਖਾਤਿਆਂ ਦੀ ਜਾਣਕਾਰੀ ਹਾਸਲ ਕੀਤੀ ਜਾ ਰਹੀ ਹੈ। ਜਿਨ੍ਹਾਂ ਦੀ ਹੁਣ ਤਕ ਪੁਛ ਗਿਛ ਤੋਂ ਇਹ ਗੱਲ ਸਾਹ-ਮਣੇ ਆਈ ਹੈ ਕਿ ਮਲਕੀਤ ਸਿੰਘ ਉਰਫ਼ ਕੀਤੂ ਮੈਕਸੀਕੋ ਤੋਂ ਡਿਪੋਰਟ ਹੋ ਕੇ ਆਇਆ ਹੈ। ਉੱਥੇ ਇਸ ਦੇ ਲਿੰਕ ਪਾਕਿਸਤਾਨ ਅਤੇ ਦੁਬਈ ਵਿਚ ਬੈਠੇ ਵਿਅਕਤੀਆਂ ਨਾਲ ਹੋ ਗਏ ਸਨ ਜਿਸ ਤੋਂ ਬਾਅਦ ਉਨ੍ਹਾਂ ਨੇ ਅਪਣਾ ਇਕ ਗਿਰੋਹ ਬਣਾ ਕੇ ਇੱਥੇ ਕੰਮ ਸ਼ੁਰੂ ਕਰ ਦਿਤਾ ਸੀ।

# ਪਿੰਡ ਸਹਿਜੜਾ ਦੇ ਨੌਜਵਾਨ ਹਰਦੀਪ ਸਿੰਘ ਦੀ ਦੁਬਈ ’ਚ ਮੌਤ

**ਬਰਨਾਲਾ :** ਵਿਧਾਨ ਸਭਾ ਹਲਕਾ ਮਹਿਲ ਕਲਾਂ ਅਧੀਨ ਪੈਂਦੇ ਪਿੰਡ ਸਹਿਜੜਾ ਦੇ ਇਕ ਮਜ਼ਦੂਰ ਪਰਵਾਰ ਦੇ 21 ਸਾਲਾ ਨੌਜਵਾਨ ਪੁੱਤਰ ਹਰਦੀਪ ਸਿੰਘ ਦੀ ਦੁਬਈ ਵਿਚ ਅਚਾਨਕ ਮੌਤ ਹੋ ਗਈ। ਮ੍ਰਿਤਕ ਦੇ ਪਿਤਾ ਹਰਬੰਸ ਸਿੰਘ ਅਤੇ ਮਾਤਾ ਕੁਲਵੰਤ ਕੌਰ ਨੇ ਦਸਿਆ ਕਿ ਉਨ੍ਹਾਂ ਦਾ ਪੁੱਤਰ ਪਰਵਾਰ ਦੀ ਮਾਲੀ ਹਾਲਤ ਸੁਧਾਰਨ ਲਈ ਕਰਜ਼ਾ ਚੁੱਕ ਕੇ ਕਰੀਬ ਪੰਜ ਮਹੀਨੇ ਪਹਿਲਾਂ ਦੁਬਈ ਦੇ ਸ਼ਾਰਜਾਹ ਸ਼ਹਿਰ ਵਿਚ ਮਜ਼ਦੂਰੀ ਕਰਨ ਗਿਆ ਸੀ। ਪਰਵਾਰ ਨੇ ਦਸਿਆ ਹਰਦੀਪ ਸਿੰਘ ਦੀ ਮੌਤ ਦੇ ਅਸਲ ਕਾਰਨਾਂ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲੀ ਹੈ। ਪਰਵਾਰ ਨੇ ਦਸਿਆ ਕਿ ਪੋਸਟਮਾਰਟਮ ਅਤੇ ਹੋਰ ਕਾਗ਼ਜ਼ੀ ਕਾਰਵਾਈ ਵਿਦੇਸ਼ ਵਿਚ ਜਾਰੀ ਹੋਣ ਕਾਰਨ ਲਾਸ਼ ਭਾਰਤ ਲਿਆਂਦੇ ਜਾਣ ਵਿਚ ਹੋਰ ਦੇਰੀ ਹੋ ਰਹੀ ਹੈ। ਉਨ੍ਹਾਂ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਕੋਲ ਅਪੀਲ ਕੀਤੀ ਕਿ ਹਰਦੀਪ ਸਿੰਘ ਦੀ ਲਾਸ਼ ਨੂੰ ਦੁਬਈ ਤੋਂ ਪਿੰਡ ਸਹਿਜੜਾ ਵਿਖੇ ਲਿਆਂਦਾ ਜਾਵੇ।



# ਅੰਮ੍ਰਿਤਸਰ ਪੁਲਿਸ ਦੀ ਵੱਡੀ ਕਾਰਵਾਈ, ਡਰੋਨ ਰਾਹੀਂ ਹਥਿਆਰ ਤਸਕਰੀ ਕਰਨ ਵਾਲਾ ਗਿਰੋਹ ਬੇਨਕਾਬ

**ਅੰਮ੍ਰਿਤਸਰ।** ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਇੰਟੈਲੀਜੈਂਸ ਇਨਪੁੱਟ ਦੇ ਆਧਾਰ ‘ਤੇ ਕੀਤੀ ਗਈ ਕਾਰਵਾਈ ਦੌਰਾਨ ਹਥਿਆਰ ਤਸਕਰੀ ਦੇ ਇੱਕ ਸਰਗਰਮ ਨੈਟਵਰਕ ਦਾ ਪਰਦਾਫਾਸ਼ ਕਰਦੇ ਹੋਏ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਉਨ੍ਹਾਂ ਦੇ ਕਬਜ਼ੇ ‘ਚੋਂ 7 ਆਧੁਨਿਕ ਗੈਰ-ਕਾਨੂੰਨੀ ਪਿਸਤੌਲ ਬਰਾਮਦ ਕੀਤੇ ਹਨ, ਜਿਨ੍ਹਾਂ ਵਿੱਚ ਇੱਕ ਗਲੌਕ, ਬਰੇਟਾ, ਜ਼ਿਗਾਨਾ ਅਤੇ .30 ਬੋਰ ਪਿਸਤੌਲ ਸ਼ਾਮਲ ਹਨ। ਇਨ੍ਹਾਂ ਵਿੱਚੋਂ ਦੋ ਹਥਿਆਰ ਪੂਰੀ ਤਰ੍ਹਾਂ ਆਟੋਮੈਟਿਕ ਫਾਇਰ ਸਮਰੱਥਾ ਵਾਲੇ ਹਨ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਇਹ ਖੁਲਾਸਾ ਹੋਇਆ ਹੈ ਕਿ ਗ੍ਰਿਫ਼ਤਾਰ ਵਿਅਕਤੀ ਪਾਕਿਸਤਾਨ ਅਧਾਰਿਤ ਸਮੱਗਲਰਾਂ ਅਤੇ ਹੈਂਡਲਰਾਂ ਨਾਲ ਸੰਪਰਕ ਵਿੱਚ ਸਨ। ਇਹ ਗਿਰੋਹ ਡਰੋਨ ਦੇ ਜ਼ਰੀਏ ਅੰਤਰਰਾਸ਼ਟਰੀ ਸਰਹੱਦ ਤੋਂ ਹਥਿਆਰ ਮੰਗਵਾ ਕੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਸਪਲਾਈ ਕਰਦਾ ਸੀ। ਪੁਲਿਸ ਅਨੁਸਾਰ ਇਹ ਨੈਟਵਰਕ ਪਿਛਲੇ ਕਈ ਮਹੀਨਿਆਂ ਤੋਂ ਸਰਗਰਮ ਸੀ ਅਤੇ ਕਈ ਹਥਿਆਰਾਂ ਦੀਆਂ ਡਰਾਪਿੰਗਜ਼ ਹੋ ਚੁੱਕੀਆਂ ਹਨ। ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਰੇਸ਼ਮ ਸਿੰਘ ਉਰਫ਼ ਭੁੱਲਾ, ਵਿਸ਼ਾਲ ਅਤੇ ਸੁਮਿਤ (ਸੋਨੇ ਏਰੀਆ) ਵਜੋਂ ਹੋਈ ਹੈ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਇੱਕ ਮੁਲਜ਼ਮ ਕਾਰਾਂ ਦੀ ਖਰੀਦ-ਫਰੋਖ਼ਤ ਦੇ ਧੰਦੇ ਨਾਲ ਜੁੜਿਆ ਸੀ, ਜਿਸਦਾ ਇਸ ਨੈਟਵਰਕ ਨੇ ਗਲਤ ਫ਼ਾਇਦਾ ਉਠਾਇਆ। ਪੁਲਿਸ ਵੱਲੋਂ ਤਿੰਨਾਂ ਮੁਲਜ਼ਮਾਂ ਨੂੰ ਰਿਮਾਂਡ ‘ਤੇ ਲੈ ਕੇ ਹੋਰ ਲਿੰਕਾਂ ਦੀ ਤਲਾਸ਼ ਅਤੇ ਤਕਨੀਕੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਵੱਡੇ ਖੁਲਾਸੇ ਹੋ ਸਕਦੇ ਹਨ।




SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸਿੱਖਿਆ ਬਲਾਕ ਕਪੂਰਥਲਾ -2 ਦੇ ਪ੍ਰਾਇਮਰੀ ਅਧਿਆਪਕਾਂ ਦਾ ਪਹਿਲੇ ਫੇਜ਼ ਦਾ ਦੋ ਰੋਜ਼ਾ ਸੈਮੀਨਾਰ ਸਮਾਪਤ

**ਕਪੂਰਥਲਾ, (ਕੌੜਾ )–** ਪੰਜਾਬ ਰਾਜ ਖੋਜ ਪ੍ਰੀਸ਼ਦ ਚੰਡੀਗੜ੍ਹ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਦੀ ਸਹਾਇਤਾ ਨਾਲ ਤੀਸਰੀ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਸਿਲੇਬਸ ਦੀ ਕਾਰਜਸ਼ੀਲਤਾ ਨੂੰ ਹੋਰ ਵਧੀਆ ਕਰਦੇ ਹੋਏ ਅਤੇ ਬੱਚਿਆਂ ਨੂੰ ਸਮੇਂ ਦੀ ਹਾਣੀ ਬਣਾਉਂਦੇ ਹੋਏ, ਜ਼ਿਲ੍ਹਾ ਸਿੱਖਿਆ ਅਧਿਕਾਰੀ ਸ੍ਰੀ ਮਤੀ ਮਮਤਾ ਬਜਾਜ,ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ ਦੀ ਯੋਗ ਅਗਵਾਈ ਹੇਠ ਤੇ ਬਲਾਕ ਸਿੱਖਿਆ ਅਧਿਕਾਰੀ ਸੰਜੀਵ ਕੁਮਾਰ ਹਾਂਡਾਂ ਦੀ ਦੇਖ ਰੇਖ ਹੇਠ ਸਿੱਖਿਆ ਬਲਾਕ ਕਪੂਰਥਲਾ -2 ਅਧੀਨ ਆਉਂਦੇ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਦਾ ਪਹਿਲੇ ਫੇਜ਼ ਦਾ ਦੋ ਰੋਜ਼ਾ ਸਮੱਰਥ ਪ੍ਰੋਜੈਕਟ ਤਹਿਤ ਸੈਮੀਨਾਰ ਸਰਕਾਰੀ ਐਲੀਮੈਂਟਰੀ ਸਕੂਲ ਮੁਸ਼ਕਵੇਦ ਵਿਖੇ ਸਮਾਪਤ ਹੋਇਆ ।

ਉਕਤ ਦੋ ਰੋਜ਼ਾ ਵਰਕਸ਼ਾਪ ਵਿੱਚ ਬਲਾਕ ਦੇ ਵੱਖ ਵੱਖ ਅਧਿਆਪਕਾਂ ਨੇ ਭਾਗ ਲਿਆ । ਇਸ ਦੌਰਾਨ ਸਮੱਰਥ ਨਾਲ ਸਬੰਧਤ ਤੀਸਰੀ ਤੋਂ ਪੰਜਵੀਂ







ਕਲਾਸ ਦੇ ਅਧਿਆਪਕਾਂ ਨੂੰ ਪੰਜਾਬੀ, ਗਣਿਤ ਤੇ ਅੰਗਰੇਜ਼ੀ ਵਿਸ਼ਿਆਂ ਨਾਲ ਸੰਬੰਧਿਤ ਵੱਖ ਵੱਖ ਟੀਚਿਆਂ ਤੇ, ਗਤੀਵਿਧੀਆਂ ਸੰਬੰਧੀ ਰਿਸੋਰਸ ਪਰਸਨ ਦੇ ਤੌਰ ਬੀ ਆਰ ਸੀ ਕਰਮਜੀਤ ਗਿੱਲ, ਗੁਰਮੇਜ ਸਿੰਘ ਤਲਵੰਡੀ ਚੌਧਰੀਆਂ, ਪਵਨ ਕੁਮਾਰ ਜੋਸ਼ੀ ਨੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਵਰਕਸ਼ਾਪ ਦੌਰਾਨ ਸਮੂਹ ਅਧਿਆਪਕਾਂ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਬਾਖੂਬੀ ਢੰਗ ਨਾਲ ਰਿਸੋਰਸ ਪਰਸਨ ਵੱਲੋਂ ਦਿੱਤੇ ਗਏ।ਇਸ ਮੌਕੇ ਤੇ ਜਸਵਿੰਦਰ ਸਿੰਘ ਸੀ ਐੱਚ ਟੀ, ਬਲਵਿੰਦਰ ਕੁਮਾਰ ਸੀ ਐੱਚ ਟੀ , ਪਰਵੀਨ ਕੁਮਾਰ ਸੀ ਐੱਚ ਟੀ , ਰਾਜਵਿੰਦਰ ਕੌਰ, ਮੋਨਿਕਾ ਅਰੋੜਾ, ਸਰਬਜੀਤ ਕੌਰ, ਹਰਜਿੰਦਰ ਸਿੰਘ, ਪਰਦੀਪ ਕੁਮਾਰ, ਗੁਰਪ੍ਰੀਤ ਸਿੰਘ, ਮਨਜੀਤ ਸਿੰਘ ਪੱਡਾ,ਵੀਰ ਸਿੰਘ, ਮਨਦੀਪ ਕੌਰ ਆਦਿ ਅਧਿਆਪਕ ਹਾਜ਼ਰ ਸਨ।

# ਸਾਹਿਤ ਸਭਾ ਵਲੋਂ ਸਾਹਿਤਕ ਸਮਾਗਮ 5 ਨੂੰ ਨਿਰਮਲ ਕੁਟੀਆ

ਕਪੂਰਥਲਾ (ਕੌੜਾ )-ਸਾਹਿਤ ਸਭਾ ਸੁਲਤਾਨਪੁਰ ਲੋਧੀ ਵੱਲੋਂ ਸਾਹਿਤਕ ਸਮਾਗਮ 5 ਫਰਵਰੀ ਨੂੰ ਬਾਅਦ ਦੁਪਹਿਰ 2.30 ਵਜੇ ਨਿਰਮਲ ਕੁਟੀਆ (ਸੀਚੇਵਾਲ) ਸੁਲਤਾਨ-ਪੁਰ ਲੋਧੀ ਵਿਖੇ ਗੁਰਦੁਆਰਾ ਸਾਹਿਬ ਵਿਖੇ ਮੀਟਿੰਗ ਹਾਲ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਸਾਹਿਤ ਸਭਾ ਸੁਲਤਾਨਪੁਰ ਦੇ ਪ੍ਰਧਾਨ ਡਾਕਟਰ ਸਵਰਨ ਸਿੰਘ ਅਤੇ ਸਕੱਤਰ ਮੁਖਤਾਰ ਸਿੰਘ ਚੰਦੀ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਅਸ਼ਰਫ਼ੀਆਂ, ਬੰਸਰੀ ਕਿਧਰ ਗਈ,ਕਣ ਕਣ,ਮੁਆਫੀ ਨਾਮਾ, ਦੇ ਰਚਨਾਇਕ ਨਾਮਵਰ ਗ਼ਜ਼ਲਗੋ ਜਨਾਬ ਕਵਿੰਦਰ ਚਾਂਦ ਵਿਸ਼ੇਸ਼ ਤੌਰ ਤੇ ਸ਼ਾਮਲ ਹੋਣਗੇ। ਉਹਨਾਂ ਦੱਸਿਆ ਕਿ ਸਮਾਗਮ ਵਿੱਚ ਸ਼ਬਦਾਂ ਦੇ ਜਾਦੂਗਰ ਕਵਿੰਦਰ ਚਾਂਦ ਦੇ ਮਾਣਮੱਤੇ ਸਾਹਿਤਕ ਸਫ਼ਰ ਅਤੇ ਰਚਨਾਵਾਂ ਬਾਬਤ ਗੱਲਾਂ ਬਾਤਾਂ ਹੋਣਗੀਆਂ। ਹਾਜ਼ਰ ਸ਼ਖ਼ਸੀਅਤਾਂ ਵਲੋਂ ਆਪਣੇ ਵਿਚਾਰ ਸਾਂਝੇ ਕੀਤੇ ਜਾਣਗੇ।ਇਸ ਤੋਂ ਇਲਾਵਾ ਇਸ ਮੌਕੇ ਹਾਜ਼ਰ ਕਵੀਆਂ ਵਲੋਂ ਆਪਣੀਆਂ ਰਚਨਾਵਾਂ ਵੀ ਪੇਸ਼ ਕੀਤੀਆਂ ਜਾਣਗੀਆਂ। ਉਹਨਾਂ ਸਾਹਿਤ ਪ੍ਰੇਮੀਆਂ ਨੂੰ ਹੁੰਮ ਹੁਮਾ ਕੇ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ।



**ਸਾਹਿਤ ਸਭਾ ਵੱਲੋਂ ਕਰਵਾਏ ਜਾ ਰਹੇ ਸਾਹਿਤਕ ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਸਾਹਿਤ ਸਭਾ ਦੇ ਪ੍ਰਧਾਨ ਡਾਕਟਰ ਸਵਰਨ ਸਿੰਘ।**

# ਆਰ ਸੀ ਐੱਫ਼, ਕਪੂਰਥਲਾ ਦੇ ਜਨਰਲ ਮੈਨੇਜਰ ਨੇ ਕੀਤੀ ਉੱਤਰ ਪ੍ਰਦੇਸ਼ ਦੀ ਰਾਜਪਾਲ ਨਾਲ ਮੁਲਾਕਾਤ

**ਕਪੂਰਥਲਾ, (ਕੌੜਾ)–** ਸ਼੍ਰੀ ਪੀ. ਕੇ. ਮਿਸ਼ਰਾ, ਮਹਾਪ੍ਰਬੰਧਕ, ਰੇਲ ਕੋਚ ਫੈਕਟਰੀ, ਕਪੂਰਥਲਾ ਨੇ 03 ਫਰਵਰੀ 2026 ਨੂੰ ਉੱਤਰ ਪ੍ਰਦੇਸ਼ ਦੀ ਮਹਾਮਹਿਮ ਰਾਜਪਾਲ ਸ਼੍ਰੀਮਤੀ ਆਨੰਦਬੇਨ ਪਟੇਲ ਜੀ ਨਾਲ ਰਾਜ ਭਵਨ, ਲਖਨਊ ਵਿੱਚ ਸ਼ਿਸ਼ਟਾਚਾਰ ਭੇਟ ਕੀਤੀ। ਇਸ ਮੌਕੇ ਮਹਾਪ੍ਰਬੰਧਕ ਸ਼੍ਰੀ ਮਿਸ਼ਰਾ ਨੇ ਮਹਾਮਹਿਮ ਨੂੰ ਰੇਲਵੇ ਦੀਆਂ ਉਤਪਾਦਨ ਇਕਾਈਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।



ਇਸ ਅਵਸਰ ‘ਤੇ ਸ਼੍ਰੀ ਮਿਸ਼ਰਾ ਨੇ ਭਾਰਤੀ ਰੇਲਵੇ ਦੇ ਇਤਿਹਾਸ ‘ਤੇ ਆਧਾਰਿਤ ਆਪਣੀ ਪ੍ਰਸਿੱਧ ਪੁਸਤਕ ‘ਰੇਲਜ਼ ਥਰੂ ਰਾਜ (Rials Through Raj)’ ਦੀ ਇੱਕ ਪ੍ਰਤੀ ਮਹਾਮਹਿਮ ਰਾਜਪਾਲ ਜੀ ਨੂੰ ਭੇਟ ਕੀਤੀ। ਪੁਸਤਕ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਹ ਰਚਨਾ ਪ੍ਰਾਥਮਿਕ ਇਤਿਹਾਸਕ ਸਰੋਤਾਂ ‘ਤੇ ਆਧਾਰਿਤ ਹੈ ਅਤੇ ਬ੍ਰਿਟਿਸ਼ ਕਾਲ ਦੌਰਾਨ ਭਾਰਤੀ ਰੇਲਵੇ ਦੇ ਵਿਕਾਸ ਨੂੰ ਤੱਥਾਤਮਕ ਵਿਸ਼ਲੇਸ਼ਣ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਪੇਸ਼ ਕਰਦੀ ਹੈ। ਇਹ ਪੁਸਤਕ ਆਮ ਪਾਠਕਾਂ ਦੇ ਨਾਲ-ਨਾਲ ਇਤਿਹਾਸ ਅਤੇ ਰੇਲਵੇ ਵਿਸ਼ੇ ਨਾਲ ਜੁੜੇ ਖੋਜਕਾਰਾਂ ਲਈ ਵੀ ਬਹੁਤ ਲਾਭਕਾਰੀ ਸਾਬਤ ਹੋਵੇਗੀ।

ਉੱਤਰ ਪ੍ਰਦੇਸ਼ ਦੀ ਮਹਾਮਹਿਮ ਰਾਜਪਾਲ ਸ਼੍ਰੀਮਤੀ ਆਨੰਦਬੇਨ ਪਟੇਲ ਜੀ ਨੇ ਮਹਾਪ੍ਰਬੰਧਕ ਸ਼੍ਰੀ ਮਿਸ਼ਰਾ ਦੀ ਲੇਖਨ ਕਲਾ ਦੀ ਭਰਪੂਰ ਪ੍ਰਸ਼ੰਸਾ ਕੀਤੀ। ਇਸ ਮੌਕੇ ਮਹਾਮਹਿਮ ਨੇ ਆਪਣੀਆਂ ਲਿਖੀਆਂ ਪੁਸਤਕਾਂ ‘ਚੁਣੌਤੀਆਂ ਮੈਨੂੰ ਪਸੰਦ ਹਨ’ ਅਤੇ ‘ਉਹ ਮੈਨੂੰ ਹਮੇਸ਼ਾ ਯਾਦ ਰਹਿਣਗੇ’ ਵੀ ਮਹਾਪ੍ਰਬੰਧਕ ਮਹੋਦਯ ਨੂੰ ਸਨੇਹ ਨਾਲ ਭੇਟ ਕੀਤੀਆਂ। ਇਹ ਮੁਲਾਕਾਤ ਬਹੁਤ ਹੀ ਸੌਹਾਰਦਪੂਰਨ, ਗਿਆਨਵਰਧਕ ਅਤੇ ਅਰਥਪੂਰਨ ਰਹੀ।

# ਮੈਂਚੈਸਟਰ ਨੇੜੇ ਹਲਕਾ ਜਹਾਜ਼ ਹਾਦਸਾਗ੍ਰਸਤ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਬਰਤਾਨੀਆ ਦੇ ਸ਼ਹਿਰ ਮੈਂਚੈਸਟਰ ਦੇ ਨੇੜਲੇ ਇਲਾਕੇ ਵਿੱਚ ਇੱਕ ਹਲਕਾ ਜਹਾਜ਼ ਹਾਦਸਾਗ੍ਰਸਤ ਹੋ ਜਾਣ ਨਾਲ ਇਲਾਕੇ ਵਿੱਚ ਹਲਚਲ ਮਚ ਗਈ। ਜਾਣਕਾਰੀ ਮੁਤਾਬਕ ਇਹ ਘਟਨਾ ਲਿਟਲਫਰੋ ਇਲ-ਾਕੇ ਵਿੱਚ ਵਾਪਰੀ, ਜੋ ਮੈਂਚੈਸਟਰ ਸ਼ਹਿਰ ਤੋਂ ਲਗਭਗ ਉੱਤਰ-ਪੂਰਬ ਵੱਲ ਸਥਿਤ ਹੈ।

ਹਾਦਸੇ ਦੀ ਸੂਚਨਾ ਮਿਲਦਿਆਂ ਹੀ ਪੁਲਿਸ, ਅੱਗ ਬੁਝਾਉ ਦਲ ਅਤੇ ਐਂਬੂਲੈਂਸ ਸੇਵਾਵਾਂ ਦੀਆਂ ਟੀਮਾਂ ਤੁਰੰਤ ਮੌਕੇ ‘ਤੇ ਪਹੁੰਚ ਗਈਆਂ। ਸੁਰੱਖਿਆ ਦੇ ਮੱਦੇਨਜ਼ਰ ਹਾਦਸੇ ਵਾਲੇ ਇਲਾਕੇ ਨੂੰ ਘੇਰਾਬੰਦੀ ਕਰਕੇ ਸੀਲ ਕਰ ਦਿੱਤਾ ਗਿਆ ਅਤੇ ਆਮ ਲੋਕਾਂ ਨੂੰ ਉਸ ਪਾਸੇ ਜਾਣ ਤੋਂ ਰੋਕ ਦਿੱਤਾ ਗਿਆ।

ਚਸ਼ਮਦੀਦਾਂ ਅਨੁਸਾਰ ਜਹਾਜ਼ ਉਡਾਣ ਦੌਰਾਨ ਅਚਾਨਕ ਨੀਵਾਂ ਆਉਂਦਾ ਦਿਖਾਈ ਦਿੱਤਾ ਅਤੇ ਕੁਝ ਹੀ ਪਲਾਂ ਵਿੱਚ ਖੁੱਲ੍ਹੀ ਜਗ੍ਹਾ ‘ਚ ਡਿੱਗ ਪਿਆ। ਹਾਦਸੇ ਤੋਂ ਬਾਅਦ ਇਲਾਕੇ ਵਿੱਚ ਧੂੰਆ



ਹਾਦਸਾਗ੍ਰਸਤ ਹੋਇਆ ਛੋਟਾ ਜਹਾਜ਼।ਤਸਵੀਰ:- ਸੁਖਜਿੰਦਰ ਸਿੰਘ ਢੱਡੇ

ਅਤੇ ਤੇਜ਼ ਆਵਾਜ਼ ਸੁਣੀ ਗਈ, ਜਿਸ ਕਾਰਨ ਨੇੜਲੇ ਵਸਨੀਕਾਂ ਵਿੱਚ ਦਹਿਸ਼ਤ ਫੈਲ ਗਈ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਹਾਲੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਜਹਾਜ਼ ਵਿੱਚ ਕਿੰਨੇ ਲੋਕ ਸਵਾਰ ਸਨ ਅਤੇ ਕਿਸੇ ਦੀ ਜਾਨੀ ਨੁਕ-ਸਾਨ ਹੋਇਆ ਹੈ ਜਾਂ ਨਹੀਂ। ਬਚਾਵ ਟੀਮਾਂ ਵੱਲੋਂ ਮੌਕੇ ‘ਤੇ ਤਲਾਸ਼ੀ ਮੁਹਿੰਮ ਚਲਾਈ ਗਈ ਅਤੇ ਜਹਾਜ਼ ਦੇ ਮਲਬੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਮੁਤਾ-ਬਕ ਹਾਦਸੇ ਦੇ ਕਾਰਨਾਂ ਬਾਰੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਤਕਨੀਕੀ ਖ਼ਰਾਬੀ, ਮੌਸਮੀ ਹਾਲਾਤ ਜਾਂ ਮਨੁੱਖੀ ਗਲਤੀ—ਹਰੇਕ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ। ਹਵਾਬਾਜ਼ੀ ਨਾਲ ਜੁੜੀਆਂ ਏਜੰਸੀਆਂ ਵੀ ਮਾਮਲੇ ਦੀ ਪੜਤਾਲ ਕਰ ਰਹੀਆਂ ਹਨ। ਸਥਾਨਕ ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫਵਾਹਾਂ ‘ਤੇ ਧਿਆਨ ਨਾ ਦੇਣ ਅਤੇ ਸਿਰਫ਼ ਅਧਿਕਾਰਿਕ ਜਾਣਕਾਰੀ ‘ਤੇ ਹੀ ਭਰੋਸਾ ਕਰਨ। ਹਾਦਸੇ ਸਬੰਧੀ ਹੋਰ ਜਾਣਕਾਰੀ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਜਾਰੀ ਕੀਤੀ ਜਾਵੇਗੀ। ਇਸ ਹਾਦਸੇ ਨੇ ਇੱਕ ਵਾਰ ਫਿਰ ਹਲਕੇ ਜਹਾਜ਼ਾਂ ਦੀ ਸੁਰੱਖਿਆ ਅਤੇ ਉਡਾਣ ਨਿਯਮਾਂ ਬਾਰੇ ਗੰਭੀਰ ਸਵਾਲ ਖੜੇ ਕਰ ਦਿੱਤੇ ਹਨ। ਲੋਕ ਸਰਕਾਰ ਅਤੇ ਸੰਬੰਧਿਤ ਵਿਭਾਗਾਂ ਵੱਲੋਂ ਅਗਲੇ ਕਦਮਾਂ ਵੱਲ ਧਿਆਨ ਨਾਲ ਤੱਕ ਰਹੇ ਹਨ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਡੇਰਾਬੱਸੀ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਿਹਤ ਯੋਜਨਾ ਤਹਿਤ ਸਿਹਤ ਕਾਰਡ ਬਣਾਉਣ ਲਈ ਲਗੇ ਕੈਂਪ

● ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਖੁਦ ਪੰਜੀਕਰਣ ਕੇਂਦਰਾਂ ਦਾ ਦੌਰਾ ਕਰਕੇ ਜਾਇਜ਼ਾ ਲਿਆ ●ਹਲਕੇ ਵਿਚ ਅੱਠ ਥਾਂਵਾ ਤੇ ਲੱਗੇ ਕੈਂਪ







**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਯੋਜਨਾ ਦੇ ਤਹਿਤ ਡੇਰਾਬੱਸੀ ਦੇ ਵਾਰਡ ਨੰਬਰ 9 ਸ਼ਕਤੀ ਨਗਰ ,13 ਰਵਿਦਾਸ ਭਵਨ ,19 ਨੇੜੇ ਰਾਮਲੀਲਾ ਮਦਾਨ ਵਿੱਚ ਆਮ ਨਾਗਰਿਕਾਂ ਦੇ ਸਿਹਤ ਯੋਜਨਾ ਕਾਰਡ ਬਣਾਉਣ ਦੀ ਪ੍ਰਕਿਰਿਆ ਪੂਰੀ ਕੀਤੀ ਗਈ। ਇਸ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਪਹੁੰਚ ਕੇ ਆਪਣੇ ਸਿਹਤ ਕਾਰਡ ਬਣਵਾਏ ਅਤੇ ਪੰਜਾਬ ਸਰਕਾਰ ਦੀ ਇਸ ਲੋਕ-ਹਿਤੈਸ਼ੀ ਯੋਜਨਾ ਨਾਲ ਜੁੜੇ। ਹਲਕੇ ਵਿੱਚ ਅੱਠ ਥਾਵਾਂ ਤੇ ਕੈਂਪ ਲਾਏ ਗਏ ਹਨ ਜਿੰਨਾ ਵਿੱਚ ਉਪਰੋਕਤ ਤੋ ਇਲਾਵਾ ਲਾਲੜੂ ਦੇ ਵਾਰਡ ਨੰਬਰ 7 ਬਹਾਵਲਪੁਰੀ ਧਰਮਸ਼ਾਲਾ, ਪਿੰਡ ਭਾਂਖਰਪੁਰ ,ਜ਼ੀਰਕਪੁਰ ਤੋਂ ਪਿੰਡ ਨਗਲਾ ਵਾਰਡ ਨੰਬਰ 12 ,ਵਾਰਡ ਨੰਬਰ 29 ਭਬਾਤ,ਵਾਰਡ ਨੰਬਰ 31 ਬਲਟਾਣਾ ਯੋਗ ਵਿਹਾਰ , ਇਸ ਮੌਕੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ "ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਿਹਤ ਯੋਜਨਾ ਪੰਜਾਬ ਸਰਕਾਰ ਦੀ ਇੱਕ ਇਤਿਹਾਸਕ ਅਤੇ ਲੋਕ-ਕਲਿਆਣਕਾਰੀ ਯੋਜਨਾ ਹੈ, ਜਿਸ ਦੇ ਤਹਿਤ ਹਰ ਪਰਿਵਾਰ ਨੂੰ ਇੱਕ ਸਾਲ ਵਿੱਚ 10 ਲੱਖ ਰੁਪਏ ਤੱਕ ਦਾ ਮੁਫ਼ਤ ਅਤੇ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਸ ਯੋਜਨਾ ਨਾਲ ਲੱਖਾਂ ਪਰਿਵਾਰਾਂ ਨੂੰ ਸਿੱਧਾ ਲਾਭ ਮਿਲ ਰਿਹਾ ਹੈ।" ਉਨ੍ਹਾਂ ਅੱਗੇ ਕਿਹਾ ਕਿ ਮਹਿੰਗੇ ਇਲਾਜ ਦੇ ਇਸ ਦੌਰ ਵਿੱਚ ਇਹ ਯੋਜਨਾ ਗਰੀਬ ਅਤੇ ਮੱਧ ਵਰਗ ਲਈ ਵੱਡੀ ਰਾਹਤ ਸਾਬਤ ਹੋ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਾ ਮਕਸਦ ਹੈ ਕਿ ਕੋਈ ਵੀ ਨਾਗਰਿਕ ਇਲਾਜ ਦੀ ਕਮੀ ਕਾਰਨ ਪਰੇਸ਼ਾਨ ਨਾ ਹੋਵੇ ਅਤੇ ਸਿਹਤ ਸੇਵਾਵਾਂ ਹਰ ਘਰ ਤੱਕ ਪਹੁੰਚਣ। ਇਸ ਪ੍ਰਕਿਰਿਆ ਦੌਰਾਨ ਆਮ ਆਦਮੀ ਪਾਰਟੀ ਦੇ ਵਾਲੰਟੀਅਰਾਂ ਨੇ ਸਰਗਰਮ ਭੂਮਿਕਾ ਨਿਭਾਈ। ਵਾਲੰਟੀਅਰਾਂ ਵੱਲੋਂ ਲੋਕਾਂ ਨੂੰ ਯੋਜਨਾ ਬਾਰੇ ਪੂਰੀ ਜਾਣਕਾਰੀ ਦਿੱਤੀ ਗਈ ਅਤੇ ਲੋੜੀਂਦੇ ਦਸਤਾਵੇਜ਼ਾਂ ਦੇ ਆਧਾਰ 'ਤੇ ਸਿਹਤ ਕਾਰਡ ਬਣਾਉਣ ਦੀ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਪੂਰਾ ਕਰਵਾਇਆ ਗਿਆ। ਬੁਜ਼ੁਰਗਾਂ, ਮਹਿਲਾਵਾਂ ਅਤੇ ਜ਼ਰੂਰਤਮੰਦ ਪਰਿਵਾਰਾਂ ਨੇ ਵੱਡੀ ਗਿਣਤੀ ਵਿੱਚ ਇਸ ਸਹੂਲਤ ਦਾ ਲਾਭ ਉਠਾਇਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਿਹਤ ਯੋਜਨਾ ਤਹਿਤ ਜ਼ਿਲ੍ਹਾ ਐੱਸਏਐੱਸ ਨਗਰ (ਮੋਹਾਲੀ) ਦੇ ਕਈ ਪ੍ਰਮੁੱਖ ਸਰਕਾਰੀ ਅਤੇ ਨਿੱਜੀ ਹਸਪਤਾਲ ਸੂਚੀਬੱਧ ਹਨ, ਜਿਨ੍ਹਾਂ ਵਿੱਚ ਜੇ.ਪੀ. ਆਈ ਹਸਪਤਾਲ, ਗਰੇਸ਼ੀਅਨ ਸੁਪਰ ਸਪੈਸ਼ਲਟੀ ਹਸਪਤਾਲ, ਕੌਸ਼ਲ ਹਸਪਤਾਲ ਖਰੜ, ਅਮਰ ਹਸਪਤਾਲ, ਕੰਬੋਜ ਮਲਟੀ ਸਪੈਸ਼ਲਟੀ ਹਸਪਤਾਲ ਖਰੜ, ਇੰਡਸ ਇੰਟਰਨੈਸ਼ਨਲ ਹਸਪਤਾਲ, ਐਮਕੇਅਰ ਹਸਪਤਾਲ, ਇੰਡਸ ਸੁਪਰ ਸਪੈਸ਼ਲਟੀ ਹਸਪਤਾਲ, ਸ੍ਰੀ ਸੁਖਮਨੀ ਮਲਟੀ ਸਪੈਸ਼ਲਟੀ ਹਸਪਤਾਲ ਡੇਰਾਬੱਸੀ, ਭਗਾਲੀ ਹਸਪਤਾਲ, ਇੰਡਸ ਹਸਪਤਾਲ, ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਚੈਰਿਟੇਬਲ ਆਈ ਹਸਪਤਾਲ ਟਰਸਟ ਸੋਹਾਣਾ, ਚੌਧਰੀ ਹਸਪਤਾਲ, ਜੇ.ਪੀ. ਹਸਪਤਾਲ, ਏਸ ਹਾਰਟ ਐਂਡ ਵੈਸਕੂਲਰ ਇੰਸਟੀਚਿਊਟ, ਚੀਮਾ ਮੈਡੀਕਲ ਕਾਮਪਲੈਕਸ, ਐਡਿਸਨ ਹਸਪਤਾਲ ਅਤੇ ਮਾਇ ਹਸਪਤਾਲ ਸ਼ਾਮਲ ਹਨ। ਇਸ ਤਰ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਿਹਤ ਯੋਜਨਾ ਡੇਰਾਬੱਸੀ ਸਮੇਤ ਪੂਰੇ ਖੇਤਰ ਵਿੱਚ ਆਮ ਲੋਕਾਂ ਲਈ ਸਿਹਤ ਸੁਰੱਖਿਆ ਦੀ ਮਜ਼ਬੂਤ ਢਾਲ ਬਣ ਕੇ ਸਾਹਮਣੇ ਆ ਰਹੀ ਹੈ।ਇਸ ਮੌਕੇ ਯੂਥ ਕੋਆਰਡੀਨੇਟਰ ਸ਼੍ਰੀ ਪ੍ਰਤਾਪ ਸਿੰਘ ਵਿਰਕ ਮੌਜੂਦ ਰਹੇ ।

# ਗੁਰੂ ਰਵਿਦਾਸ ਰਾਸ਼ਟਰੀਆ ਸੇਵਾ ਦਲ ਵੱਲੋਂ ਧਾਰਮਿਕ ਸਭਿਆਚਾਰਕ ਮੇਲਾ ਕਰਵਾਇਆ ਗਿਆ

**ਮੋਰਿੰਡਾ, (ਸੁਖਵਿੰਦਰ ਸਿੰਘ ਹੈਪੀ)**-ਸ੍ਰੀ ਗੁਰੂ ਰਵਿਦਾਸ ਰਾਸ਼ਟਰੀ ਸੇਵਾ ਦਲ ਮੋਰਿੰਡਾ ਵਲੋਂ ਧਾਰਮਿਕ ਸਭਿਆਚਾਰਕ ਮੇਲਾ ਕਰਵਾਇਆ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿਚ ਇਲਾਕਾ ਨਿਵਾਸੀਆਂ ਨੇ ਸ਼ਮੂਲੀਅਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੇਲੇ ਦੇ ਮੁੱਖ ਪ੍ਰਬੰਧਕ ਬਲਵੀਰ ਸਿੰਘ ਲਾਲਾ ਨੇ ਦੱਸਿਆ ਕਿ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਮੌਕੇ ਹਰ ਸਾਲ ਧਾਰਮਿਕ ਸਭਿਆਚਾਰਕ ਮੇਲਾ ਕਰਵਾਇਆ ਜਾਂਦਾ ਹੈ ਇਸ ਸਭਿਆਚਾਰਕ ਮੇਲੇ ਸਮੇਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਉਹਨਾਂ ਦੇ ਸਪੁੱਤਰ ਨਵਜੀਤ ਸਿੰਘ ਨਵੀ ਮੁੱਖ ਮਹਿਮਾਨ ਵਜੋਂ ਪਹੁੰਚੇ। ਉਹਨਾਂ ਦਸਿਆ ਕਿ ਇਸ ਧਾਰਮਿਕ ਸਭਿਆਚਾਰਕ ਮੇਲੇ ਦੌਰਾਨ ਇੰਟਰਨੈਸ਼ਨਲ ਗਾਇਕ ਗੁਲਜ਼ਾਰ ਲਹੋਰੀਆ, ਮਦਨ ਸ਼ੋਂਕੀ , ਬੂਟਾ ਮੁਹੰਮਦ, ਕੇ ਐਸ ਬੰਗੜ,ਬੀਬਾ ਸੁਰਿੰਦਰ ਸੋਨੀਆ, ਬੀਬੀ ਸਿਮਰਨ ਸਿਮੀ, ਮਿਸ ਮਨੂੰ ਛਿੱਬਰ, ਪ੍ਰੀਤ ਅਰਸ਼, ਲਖਵੀਰ ਰਿੰਕੂ, ਮਨੀ ਅਤੇ ਬਸੰਤ ਬੋਲੀ ਆਦਿ ਨਾਮਵਰ ਕਲਾਕਾਰਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਸਮੇਂ ਆਏ ਵਿਸ਼ੇਸ਼ ਮਹਿਮਾਨਾਂ ਵਲੋਂ ਮੇਲੇ ਵਿੱਚ ਹਾਜ਼ਰੀ ਲਗਵਾਉਣ ਵਾਲੇ ਕਲਾਕਾਰਾਂ ਅਤੇ ਪਤਵੰਤੇ ਸੱਜਣਾਂ ਨੂੰ ਯਾਦਗਾਰੀ ਚਿੰਨ੍ਹ ਦੇ





ਕੇ ਸਨਮਾਨਿਤ ਕੀਤਾ ਗਿਆ। ਸਮੇਂ ਹੋਰਨਾਂ ਤੋਂ ਇਲਾਵਾ ਪਨਗ੍ਰੇਨ ਪੰਜਾਬ ਦੇ ਸਾਬਕਾ ਚੇਅਰਮੈਨ ਬੰਤ ਸਿੰਘ ਕਲਾਰਾਂ, ਵਿਜੇ ਸ਼ਰਮਾ ਟਿੰਕੂ ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮੋਹਾਲੀ, ਸੀਨੀਅਰ ਕਾਂਗਰਸੀ ਆਗੂ ਹਰਮਿੰਦਰ ਸਿੰਘ ਲੱਕੀ, ਗੁਰਵਿੰਦਰ ਸਿੰਘ ਕਕਰਾਲੀ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਰੂਪਨਗਰ,ਪੀ ਏ ਡੀ ਬੈਂਕ ਦੇ ਵਾਇਸ ਚੇਅਰਮੈਨ ਕਰਨੈਲ ਸਿੰਘ ਜੀਤ, ਬਲਾਕ ਕਾਂਗਰਸ ਕਮੇਟੀ ਮੋਰਿੰਡਾ ਦੇ ਪ੍ਰਧਾਨ ਦਰਸ਼ਨ ਸਿੰਘ ਸੰਧੂ, ਬਹੁਜਨ ਸਮਾਜ ਪਾਰਟੀ ਦੇ ਸੂਬਾ ਜਨਰਲ ਸਕੱਤਰ ਰਜਿੰਦਰ ਸਿੰਘ ਰਾਜਾ ਨਾਨਹੇੜੀਆਂ, ਐਡਵੋਕੇਟ ਪਰਮਿੰਦਰ ਸਿੰਘ ਤੂਰ, ਗੁਰਮੀਤ ਸਿੰਘ ਬੜਾ, ਐਡਵੋਕੇਟ ਨਰਿੰਦਰ ਸਿੰਘ ਮੁੰਡੀ ਖਰੜ, ਨਗਰ ਕੌਂਸਲ ਮੋਰਿੰਡਾ ਦੇ ਸਾਬਕਾ ਪ੍ਰਧਾਨ ਹਰੀਪਾਲ ਅਤੇ ਰਕੇਸ਼ ਕੁਮਾਰ ਬੱਗਾ, ਕੌਂਸਲਰ ਰਾਜੇਸ਼ ਕੁਮਾਰ ਸਸੋਦੀਆ, ਪਿੰਕੀ ਕੌਰ, ਸਾਬਕਾ ਕੌਂਸਲਰ ਮਹਿੰਦਰ ਸਿੰਘ ਢਿੱਲੋਂ, ਜਗਤਾਰ ਸਿੰਘ ਅਰਨੌਲੀ, ਮਹਿੰਦਰ ਸਿੰਘ ਢਿੱਲੋਂ, ਗੁਰਦਰਸ਼ਨ ਸਿੰਘ ਢੋਲਣ ਮਾਜਰਾ ਸਮੇਤ ਅਨੇਕਾਂ ਮਹਿਲਾਵਾਂ, ਨੌਜਵਾਨ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਦਾਤਾਰਪੁਰ ਵਿਖੇ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਮੋਰਿੰਡਾ (ਸੁਖਵਿੰਦਰ ਸਿੰਘ ਹੈਪੀ)**- ਨਜ਼ਦੀਕੀ ਪਿੰਡ ਦਤਾਰਪੁਰ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਗੁਰਪੁਰਬ ਉਤਸ਼ਾਹ ਪੂਰਵਕ ਮਨਾਇਆ ਗਿਆ ਅਤੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ। ਇਸ ਪ੍ਰੋਗਰਾਮ ਤੇ ਵਿਸ਼ੇਸ਼ ਸਾਬਕਾ ਸੀਐਮ ਚਰਨਜੀਤ ਸਿੰਘ ਚੰਨੀ ਦੇ ਸਪੁੱਤਰ ਨਵਦੀਪ ਸਿੰਘ ਨਵੀ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਪਿੰਡ ਵਾਸੀਆਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਤੇ ਮੁਬਾਰਕਬਾਦ ਦਿੱਤੀ । ਉਹਨਾਂ ਕਿਹਾ ਵੀ ਸਾਰੇ ਗੁਰੂਆਂ ਅਤੇ ਭਗਤ ਸਹਿਬਾਨ ਅਤੇ ਭੱਟ ਸਾਹਿਬਾਨਾਂ



ਦੇ ਦਿਹਾੜੇ ਮਨਾਉਣੇ ਚਾਹੀਦੇ ਹਨ ।ਇਸ ਮੌਕੇ ਸਤਵੰਤ ਸਿੰਘ ਦਾਤਾਰਪੁਰ ਪ੍ਰਧਾਨ ਭਗਤ ਕਬੀਰ ਯੂਥ ਵੈਲਫੇਅਰ ਕਲੱਬ ਤੇ ਸਮੂਹ ਮੈਂਬਰ ਸਾਹਿਬਾਨ ,ਸਮੂਹ ਨਗਰ ਨਿਵਾਸੀਆਂ ਨੇ ਉਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਵੰਤ ਸਿੰਘ ਦਾਤਾਰਪੁਰ, ਜਗਦੇਵ ਸਿੰਘ , ਲਵਪ੍ਰੀਤ ਸਿੰਘ, ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ ,ਬਲਜੀਤ ਸਿੰਘ ,ਭਗਵੰਤ ਸਿੰਘ , ਜਸਪ੍ਰੀਤ ਸਿੰਘ, ਪਰਮਿੰਦਰ ਸਿੰਘ, ਮਾਲਰ ਸਿੰਘ, ਅਜੈਬ ਸਿੰਘ, ਖੁਸ਼ਹਾਲ ਸਿੰਘ ਅਤੇ ਹਰਬੰਸ ਸਿੰਘ ਆਦਿ ਪਤਵੰਤੇ ਸੱਜਣ ਹਾਜ਼ਰ ਸਨ।

# ਰਿਆਤ ਬਾਹਰਾ ਦੇ ਵਿਦਿਆਰਥੀਆਂ ਨੇ ਆਸ਼ਾ ਕਿਰਨ ਸਕੂਲ ਦਾ ਦੌਰਾ ਕੀਤਾ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)** - ਪ੍ਰਿੰਸੀਪਲ ਰਸ਼ਮੀ ਸ਼ਰਮਾ ਦੀ ਅਗਵਾਈ ਹੇਠ, ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ, ਹੁਸ਼ਿਆਰਪੁਰ ਦੇ 8ਵੀਂ ਤੋਂ 11ਵੀਂ ਜਮਾਤ ਦੇ ਵਿਦਿਆਰਥੀਆਂ ਨੇ ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਦਾ ਦੌਰਾ ਕੀਤਾ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨਾਲ ਮੁਲਾਕਾਤ ਕੀਤੀ। ਅਧਿਆਪਕਾਵਾਂ ਸ਼ਵੇਤਾ ਵਰਮਾ, ਕਰਮਜੀਤ ਕੌਰ ਅਤੇ ਸ਼੍ਰਿਸ਼ਟੀ ਵੀ ਮੌਜੂਦ ਸਨ। ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੇ ਰੋਜ਼ਾਨਾ ਦੇ ਰੁਟੀਨ, ਉਨ੍ਹਾਂ ਦੀਆਂ ਸਰੀਰਕ ਗਤੀਵਿਧੀਆਂ, ਕਲਾਸਰੂਮਾਂ ਅਤੇ ਵਿਦਿਅਕ ਤਰੀਕਿਆਂ ਦੇ ਨਾਲ-ਨਾਲ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਸਿਖਲਾਈ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਦੋਵਾਂ ਸਕੂਲਾਂ ਦੇ ਬੱਚਿਆਂ ਨੇ ਖੇਡ ਮੁਕਾਬਲਿਆਂ ਵਿੱਚ ਵੀ ਹਿੱਸਾ ਲਿਆ। ਗੁਰਪ੍ਰਸਾਦ ਨੇ ਸਕੂਲ ਵਿੱਚ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਸਕੱਤਰ ਕਰਨਲ ਗੁਰਮੀਤ ਸਿੰਘ ਅਤੇ ਵਿਸ਼ੇਸ਼ ਸ਼ੈਲੀ ਸ਼ਰਮਾ ਵੀ ਮੌਜੂਦ ਸਨ। ਵਿਸ਼ੇਸ਼ ਸਕੂਲ ਦੇ ਬੱਚਿਆਂ ਨੂੰ ਮਿਲਣ ਤੋਂ ਬਾਅਦ, ਰਿਆਤ ਬਾਹਰਾ ਦੇ ਵਿਦਿਆਰਥੀਆਂ ਨੇ ਕਿਹਾ ਕਿ ਹੁਣ ਉਹ ਭਵਿੱਖ ਵਿੱਚ ਆਪਣੇ ਮਾਪਿਆਂ ਨੂੰ ਕਿਸੇ ਵੀ ਚੀਜ਼ ਬਾਰੇ ਸ਼ਿਕਾਇਤ ਨਹੀਂ ਕਰਨਗੇ ਕਿਉਂਕਿ ਉਨ੍ਹਾਂ ਨੂੰ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੇ ਜੀਵਨ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ।



**ਫੋਟੋ ਅਜਮੇਰ ਦੀਵਾਨਾ**

# ਬਿਕਰਮ ਮਜੀਠੀਆ ਦੀ ਆਵਾਜ਼ ਨੂੰ ਦਬਾਉਣ ਦੀ ਸਾਜਿਸ਼ ਨਾਕਾਮ ਹੋਈ-ਲਾਲੀ ਬਾਜਵਾ

## ਅਕਾਲੀ ਆਗੂਆਂ ਵੱਲੋਂ ਮਜੀਠੀਆ ਦੀ ਰਿਹਾਈ 'ਤੇ ਵੰਡੇ ਗਏ ਲੱਡੂ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਮਾਨਯੋਗ ਸੁਪਰੀਮ ਕੋਰਟ ਵੱਲੋਂ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਦਿੱਤੀ ਵੱਡੀ ਰਾਹਤ ਨੇ ਸਾਬਿਤ ਕਰ ਦਿੱਤਾ ਹੈ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸਿਆਸੀ ਬਦਲਾਖੋਰੀ ਦੇ ਤਹਿਤ ਆਪਣੇ ਵਿਰੋਧੀਆਂ ਦੀ ਆਵਾਜ ਨੂੰ ਬੰਦ ਕਰਨ ਦੀ ਸਾਜਿਸ਼ ਕਰ ਰਹੀ ਹੈ, ਇਹ ਪ੍ਰਗਟਾਵਾ ਅਕਾਲੀ ਦਲ ਦੇ ਜਿਲ੍ਹਾ ਪ੍ਰਧਾਨ ਸ਼ਹਿਰੀ ਜਤਿੰਦਰ ਸਿੰਘ ਲਾਲੀ ਬਾਜਵਾ ਵੱਲੋਂ ਆਪਣੇ ਗ੍ਰਹਿ ਵਿਖੇ ਕੀਤਾ ਗਿਆ ਅਤੇ ਇਸ ਦੌਰਾਨ ਮੌਜੂਦ ਅਕਾਲੀ ਆਗੂਆਂ ਵੱਲੋਂ ਖੁਸ਼ੀ ਵਿੱਚ ਲੱਡੂ ਵੰਡੇ ਗਏ। ਲਾਲੀ ਬਾਜਵਾ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਬਿਕਰਮ ਸਿੰਘ ਮਜੀਠੀਆ ਵੱਲੋਂ ਸੂਬੇ ਦੀ ਆਪ ਸਰਕਾਰ ਦੀਆਂ ਗਲਤ ਨੀਤੀਆਂ ਨੂੰ ਜਿਥੇ ਲੋਕਾਂ ਦੀ ਕਚਹਿਰੀ ਵਿੱਚ ਰੱਖਿਆ ਗਿਆ ਉੱਥੇ ਹੀ ਆਮ ਆਦਮੀ ਪਾਰਟੀ ਵੱਲੋਂ ਕੀਤੀ ਗਈ ਵਾਅਦਾਖਿਲਾਫੀ ਦੇ ਵਿਰੁੱਧ ਆਵਾਜ ਬੁਲੰਦ ਕੀਤੀ ਗਈ ਜਿਸ ਤੋਂ ਘਬਰਾਈ ਹੋਈ ਆਪ ਸਰਕਾਰ ਵੱਲੋਂ ਬਿਕਰਮ ਸਿੰਘ ਮਜੀਠੀਆ ਨੂੰ ਝੂਠੇ ਕੇਸ ਵਿੱਚ ਫਸਾ ਕੇ ਜੇਲ੍ਹ ਭੇਜਿਆ ਗਿਆ ਲੇਕਿਨ ਸੱਤ ਮਹੀਨਿਆਂ ਦੌਰਾਨ ਸਰਕਾਰ ਕੋਈ ਵੀ ਸਬੂਤ ਜਟਾਉਣ ਵਿੱਚ ਨਕਾਮ ਰਹੀ ਜਿਸ ਕਾਰਨ ਮਾਨਯੋਗ ਸੁਪਰੀਮ ਕੋਰਟ ਵੱਲੋਂ ਬਿਕਰਮ ਸਿੰਘ ਮਜੀਠੀਆ ਦੇ ਹੱਕ ਵਿੱਚ ਫੈਸਲਾ ਸੁਣਾਇਆ ਗਿਆ। ਉਨ੍ਹਾਂ ਕਿਹਾ ਕਿ ਜਿਹੜੇ ਝੂਠ ਬੋਲ ਕੇ ਆਪ ਦੇ ਆਗੂਆਂ ਨੇ ਸੱਤਾ ਹਾਸਿਲ ਕੀਤੀ ਉਸ ਪ੍ਰਤੀ ਇਨ੍ਹਾਂ ਲੋਕਾਂ ਨੂੰ ਜਵਾਬ ਦੇਣਾ ਪਵੇਗਾ। ਲਾਲੀ ਬਾਜਵਾ ਨੇ ਕਿਹਾ ਕਿ ਅਕਾਲੀ ਦਲ ਬਹੁਤ ਹੀ ਤਕੜੇ ਤਰੀਕੇ ਨਾਲ ਵਾਪਸੀ ਕਰ ਰਿਹਾ ਹੈ ਕਿਉਂਕਿ ਸੂਬੇ ਦੇ ਲੋਕ ਜਾਣ ਚੁੱਕੇ ਹਨ ਕਿ ਅਕਾਲੀ ਦਲ ਹੀ ਪੰਜਾਬ ਦੇ ਹੱਕਾਂ ਤੇ ਹਿੱਤਾਂ ਦੀ ਰਾਖੀ ਕਰ ਸਕਦਾ ਹੈ। ਲਾਲੀ ਬਾਜਵਾ ਨੇ ਕਿਹਾ ਕਿ ਮੌਜੂਦਾ ਆਪ ਸਰਕਾਰ ਮਖੌਲ ਦੀ ਪਾਤਰ ਬਣ ਚੁੱਕੀ ਹੈ ਕਿਉਂਕਿ ਇਸ ਪਾਰਟੀ ਦੇ ਜਿਨ੍ਹਾਂ ਆਗੂਆਂ ਨੂੰ ਲੋਕਾਂ ਨੇ ਵੋਟ ਪਾ ਕੇ ਵਿਧਾਇਕ-ਮੰਤਰੀ ਬਣਾਇਆ ਸੀ ਉਨ੍ਹਾਂ ਦੀ ਖੁਦ ਆਪਣੀ ਸਰਕਾਰ ਵਿੱਚ ਕਿਤੇ ਸੁਣਵਾਈ ਨਹੀਂ ਕਿਉਂਕਿ ਸਾਰੇ ਫੈਸਲਾ ਦਿੱਲੀ ਦੀ ਨਕਾਰੀ ਹੋਈ ਆਪ ਲੀਡਰਸ਼ਿਪ ਲੈ ਰਹੀ ਹੈ। ਇਸ ਮੌਕੇ , ਬਲਰਾਜ ਸਿੰਘ ਚੌਹਾਨ, ਅਜਮੇਰ ਸਿੰਘ ਸਹੋਤਾ, ਜਪਿੰਦਰ ਅਟਵਾਲ, ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ, ਰਵਿੰਦਰਪਾਲ ਸਿੰਘ ਮਿੰਟੂ, ਕੁਲਦੀਪ ਸਿੰਘ ਢੱਡੇ, ਸੁਖਵਿੰਦਰ ਸੁੱਖੀ ਆਦਿ ਵੀ ਹਾਜਰ ਸਨ।



**ਫੋਟੋ ਅਜਮੇਰ ਦੀਵਾਨਾ**

# ਭਾਮੀਆਂ ਰੋਡ ਤੇ ਕੱਟੀ ਗਈ ਗੈਰ ਕਾਨੂੰਨੀ ਕਲੋਨੀ ਜੀ.ਟੀ.ਬੀ. ਨਗਰ ਐੱਫ ਬਲਾਕ ਨੂੰ ਢਾਹੁਣ ਅਤੇ ਕੋਲੋਨਾਈਜ਼ਰ ਤੇ ਐਫਆਈਆਰ ਦੀ ਕਾਰਵਾਈ ਗਲਾਡਾ ਨੇ ਆਰੰਭੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪਿਛਲੇ ਸਮੇਂ ਵਿੱਚ ਭਾਮੀਆਂ ਕਲਾਂ ਚੰਡੀਗੜ੍ਹ ਰੋਡ ਤੇ ਗੈਰ ਕਾਨੂੰਨੀ ਕੱਟੀ ਗਈ ਕਲੋਨੀ ਜੀ.ਟੀ.ਬੀ. ਨਗਰ ਦੇ ਐਫ ਬਲਾਕ ਦਾ ਮੁੱਦਾ ਕਾਫੀ ਗਰਮਾ ਗਿਆ ਹੈ ਅਤੇ ਇਸ ਵਿਚਲੇ ਪਲਾਟ ਧਾਰਕਾਂ ਨੇ ਵਿਕਾਸ ਨਾ ਹੋਣ ਦਾ ਮੁੱਦਾ ਗਲਾਡਾ ਕੋਲ ਜੋਰ ਸ਼ੋਰ ਨਾਲ ਚੁੱਕਿਆ ਸੀ। ਜਿਸ ਵਿੱਚ ਆਰਟੀਆਈ ਕਾਰਕੁੰਨ ਪਰਮਿੰਦਰ ਸਿੰਘ ਕਪੂਰ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਕਲੋਨੀ ਦੇ ਐਫ ਬਲਾਕ ਤੇ ਕਾਰਵਾਈ ਕਰਨ ਲਈ ਲਿਖਿਆ ਤਾਂ ਪਰਮਿੰਦਰ ਕਪੂਰ ਦੀ ਆਰਟੀਆਈ ਦੇ ਜਵਾਬ ਵਿੱਚ ਪੱਤਰ ਜਾਰੀ ਕਰਦਿਆਂ ਗਲਾਡਾ ਲੁਧਿਆਣਾ ਨੇ ਉਕਤ ਕਲੋਨੀ ਮਾਲਕ ਖ਼ਿਲਾਫ਼ ਐਫਆਈਆਰ ਦੀ ਪੁਲਿਸ ਨੂੰ ਸਿਫਾਰਿਸ਼ ਦੀ ਗੱਲ ਕਬੂਲੀ ਹੈ ਅਤੇ ਤੁਰੰਤ ਕਲੋਨੀ ਢਾਉਣ ਦੀ ਕਾਰਵਾਈ ਪਾਉਣ ਦੀ ਗੱਲ ਵੀ ਆਖੀ ਹੈ। ਗਲਾਡਾ ਵੱਲੋਂ ਆਰਟੀਆਈ ਦੇ ਜਵਾਬ ਵਿੱਚ ਜਾਰੀ ਕੀਤਾ ਗਿਆ ਪੱਤਰ ਸਾਡੇ ਪੱਤਰਕਾਰ ਦੇ ਹੱਥ ਲੱਗਾ ਹੈ ਜ਼ਿਕਰਯੋਗ ਹੈ ਕਿ ਕਲੋਨੀ ਵਾਸੀਆਂ ਵੱਲੋਂ ਸਹੂਲਤਾਂ ਦੀ ਮੰਗ ਤੇ ਗਲਾਡਾ ਨੇ ਲਿਖਿਆ ਹੈ ਕਿ ਇਹ ਕਲੋਨੀ ਕੰਪਾਉਂਡਿੰਗ ਲਈ ਅਪਲਾਈ ਨਹੀਂ ਕੀਤੀ ਗਈ ਅਤੇ ਐਨਓਸੀ ਨਾ ਹੋਣ ਕਾਰਨ ਇੱਥੇ ਵਿਕਾਸ ਕਾਰਜ ਨਹੀਂ ਹੋ ਸਕਦਾ । ਗਲਾਡਾ ਨੇ ਲਿਖਿਆ ਹੈ ਅਗਰ 70 ਫੀਸਦੀ ਪਲਾਟ ਧਾਰਕ ਕੰਪਾਉਂਡਿੰਗ ਲਈ ਅਪਲਾਈ ਇਕੱਠੇ ਕਰਦੇ ਹਨ ਤਾਂ ਵਿਕਾਸ ਈਡੀਸੀ ਫੰਡ ਵਿੱਚੋਂ ਹੁਣ ਸੰਭਵ ਹੈ ਪਰ ਹਾਲ ਦੀ ਘੜੀ ਜੀ.ਟੀ.ਬੀ. ਨਗਰ ਕਲੋਨੀ ਨੂੰ ਢਾਉਣ ਦੀ ਕਾਰਵਾਈ ਅਤੇ ਕੋਲੋਨਾਈਜ਼ਰ ਖਿਲਾਫ ਐਫਆਈਆਰ ਦਰਜ ਕਰਨ ਦੀ ਕਾਰਵਾਈ ਆਰੰਭੀ ਗਈ ਹੈ।



# ਕਾਰ ਨੇ ਕਾਰ ਨੂੰ ਮਾਰੀਂ ਪਿੱਛੋਂ ਟੱਕਰ , ਜਾਨੀ ਨੁਕਸਾਨ ਦਾ ਬਚਾਅ ਕਾਰਾਂ ਬੁਰੀ ਤਰ੍ਹਾਂ ਨਾਲ ਨੁਕਸਾਨੀਆ ਗਈਆਂ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਟੌਸਾ ਸਨਫਾਰਮਾ ਫੈਕਟਰੀ ਦੇ ਕੋਲ ਦੋ ਕਾਰਾਂ ਦਾ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਉਹਨਾਂ ਨੂੰ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਸੀ ਕਿ ਐਕਸੀਡੈਂਟ ਹੋ ਗਿਆ ਤਾਂ ਉਹਨਾਂ ਵਲੋਂ ਤਰੁੰਤ ਜਾ ਕੇ ਵੇਖਿਆ ਕਿ ਇੱਕ ਐਕਸਯੂਵੀ ਕਾਰ ਜਿਸ ਨੂੰ ਸੁਰਜੀਤ ਚੇਚੀ ਪੁੱਤਰ ਹਰਬੰਸ ਲਾਲ ਵਾਸੀ ਬਾਗੋਵਾਲ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਚਲਾ ਰਿਹਾ ਸੀ ਇਹ ਬਲਾਚੌਰ ਸਾਈਡ ਤੋਂ ਰੋਪੜ੍ਹ ਸਾਇਡ ਜਾ ਰਹੇ ਸਨ ਅਤੇ ਦੂਸਰੀ ਕਾਰ ਸਜੂਕੀ ਡਰੋਨਕ ਜਿਸ ਦਾ ਨੰਬਰ ਪੀ ਬੀ 08 ਐਫ ਐਸ 9066 ਜਿਸ ਨੂੰ ਤਰੁਨ ਸ਼ਰਮਾ ਪੁੱਤਰ ਧਨਿੰਦਰ ਸ਼ਰਮਾ ਬਸਤੀ ਗੁਜਾ ਜਲੰਧਰ ਚਲਾ ਰਿਹਾ ਸੀ ਇਹ ਕਾਰ ਬਲਾਚੌਰ ਤੋਂ ਰੋਪੜ੍ਹ ਸਾਇਡ ਜਾ ਰਹੇ ਰਿਹਾ ਸੀ। ਐਕਸਯੂਵੀ ਕਾਰ ਚਾਲਕ ਕੱਟ ਤੋਂ ਨਿਕਲ ਰਿਹਾ ਸੀ ਤਾ ਬਲਾਚੌਰ ਸਾਇਡ ਤੋਂ ਆ ਰਹੀ ਕਾਰ ਨੇ ਪਿੱਛੋਂ ਟੱਕਰ ਮਾਰ ਦਿੱਤੀ ਜਿਸ ਨਾਲ ਦੋਨੋਂ ਕਾਰਾਂ ਬੁਰੀ ਤਰ੍ਹਾਂ ਨਾਲ ਨੁਕਸਾਨੀਆ ਗਈਆਂ।ਜਾਨੀ ਨੁਕਸਾਨ ਦਾ ਬਚਾਅ ਹੋ। ਅਤੇ ਐਸ ਐਸ ਐਫ ਦੀ ਟੀਮ ਵਲੋਂ ਕਾਰਾਂ ਨੂੰ ਸਾਇਡ ਤੇ ਕਰਵਾ ਕੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਈਆਂ।





# ਸੂਬਾ ਸਰਕਾਰ ਵਲੋਂ ਲੋਕਾਂ ਨੂੰ ਬਿਹਤਰ ਅਵਾਜਾਈ ਸਹੂਲਤਾਂ ਮੁਹੱਈਆ ਕਰਵਾਉਣ ਲਈ ਬਣਾਈਆ ਜਾ ਰਹੀਆਂ 45000 ਕਿਲੋਮੀਟਰ ਸੜਕਾਂ-ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ.

- **7.49 ਕਰੋੜ ਰੁਪਏ ਦੀ ਲਾਗਤ ਨਾਲ ਰਾਹੋਂ ਤੋਂ ਜਾਡਲਾ ਤੱਕ ਬਣੀ ਸੜਕ ਦਾ ਕੀਤਾ ਅਚਨਚੇਤ ਨਿਰੀਖਣ**
- **ਕਿਹਾ, ਸੜਕਾਂ ਦੀ ਮਿਆਰ ਦੇ ਗੁਣਵੱਤਾ ਨਾਲ ਨਹੀਂ ਕੀਤਾ ਜਾਵੇਗਾ ਕੋਈ ਸਮਝੌਤਾ**
- **ਲੈਬ ਰਿਪੋਰਟ ਆਉਣ ਤੱਕ ਕੋਈ ਅਦਾਇਗੀ ਨਾ ਕਰਨ ਦੀਆਂ ਹਦਾਇਤਾਂ**





ਸ਼ਹੀਦ ਭਗਤ ਸਿੰਘ ਨਗਰ, 3 ਫਰਵਰੀ (ਜਤਿੰਦਰ ਪਾਲ ਸਿੰਘ ਕਲੇਰ ) ਪੰਜਾਬ ਦੇ ਲੋਕ ਨਿਰਮਾਣ ਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਵਲੋਂ ਅੱਜ ਰਾਹੋਂ ਤੋਂ ਜਾਡਲਾ ਤੱਕ 7.49 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਲਗਭਗ 11 ਕਿਲੋਮੀਟਰ ਨਵੀਂ ਸੜਕ ਜੋ ਕਿ 15 ਦਸੰਬਰ ਨੂੰ ਬਣ ਕੇ ਤਿਆਰ ਹੋਈ ਸੀ ਦਾ ਅਚਨਚੇਤ ਨਿਰੀਖਣ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਸੜਕ ਦੀ ਚੈਕਿੰਗ ਕੁਆਲਟੀ ਕੰਟਰੋਲ ਟੀਮ ਨਾਲ ਕੀਤੀ ਜਾ ਰਹੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੜਕ ਦਾ ਸੈਂਪਲ ਲੈ ਕੇ ਤੁਰੰਤ ਕੁਆਲਟੀ ਟੈਸਟ ਲਈ ਲੈਬ ਵਿੱਚ ਭੇਜੇ ਜਾਣ ਅਤੇ ਜੋ ਵੀ ਰਿਪੋਰਟ ਸਾਹਮਣੇ ਆਉਂਦੀ ਹੈ ਉਸ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਅਧਿਕਾਰੀਆ ਨੂੰ ਇਹ ਵੀ ਹਦਾਇਤ ਕੀਤੀ ਕਿ ਸੜਕ ਦੇ ਕਿਨਾਰੇ ਬਰਮਾਂ ਅਤੇ ਵਾਈਟ ਲਾਈਨਿੰਗ ਪੂਰੀ ਹੋਣ ਤੱਕ ਅਤੇ ਕੁਆਲਟੀ ਕੰਟਰੋਲ ਦੀ ਰਿਪੋਰਟ ਆਉਣ ਤੋਂ ਪਹਿਲਾਂ ਕੋਈ ਅਦਾਇਗੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਸੂਬੇ ਵਿੱਚ ਬਿਹਤਰ ਅਵਾਜਾਈ ਨੂੰ ਯਕੀਨੀ ਬਣਾਉਣ ਲਈ 45000 ਕਿਲੋਮੀਟਰ ਸੜਕਾਂ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਮੌਜੂਦਾ ਸਰਕਾਰ ਦੀ ਅਗਵਾਈ ਵਿੱਚ ਸੂਬੇ ਅੰਦਰ ਏਨੇ ਵੱਡੇ ਪੱਧਰ ਤੇ ਸੜਕਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ 31 ਮਾਰਚ ਤੱਕ ਇਹ ਸੜਕ ਬਣਕੇ ਤਿਆਰ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕੋਈ ਵੀ ਸੜਕ ਭਾਵੇ ਸਟੇਟ ਹਾਈਵੇ ਹੈ ਜਾਂ ਲਿੰਕ ਰੋਡ ਹੋਵੇ ਖਸਤਾ ਹਾਲਤ ਵਿੱਚ ਨਹੀਂ ਮਿਲੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਤੋਂ ਇਲਾਵੇ ਸੂਬੇ ਵਿੱਚ ਬਣਾਏ ਗਏ ਫਲਾਈਂਗ ਸਕੁਐਡ ਵਲੋਂ ਵੀ ਸੜਕਾਂ ਦਾ ਨਿਰੀਖਣ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਵੀਆਂ ਬਣਾਈਆਂ ਗਈਆਂ ਸੜਕਾਂ ਦੀ ਮਿਆਦ 5 ਸਾਲ ਹੁੰਦੀ ਹੈ ਪਰ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ 7 ਸਾਲ ਤੱਕ ਇਹਨਾਂ ਦੀ ਮੁਰੰਮਤ ਕਰਵਾਉਣ ਦੀ ਲੋੜ ਨਾ ਪਵੇ। ਉਨ੍ਹਾਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੜਕਾਂ ਦੀ ਮਜ਼ਬੂਤੀ ਉਪਰ ਕਿਸੇ ਵੀ ਤਰ੍ਹਾਂ ਦਾ ਕੋਈ ਸਮਝੌਤਾ ਨਹੀਂ ਕੀਤਾ ਜਾਵੇ ਅਤੇ ਅਣਗਹਿਲੀ ਪਾਏ ਜਾਣ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਕੈਬਨਿਟ ਮੰਤਰੀ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਸੜਕਾਂ ਦੀ ਮਜ਼ਬੂਤੀ ਦਾ ਧਿਆਨ ਰੱਖਣ ਅਤੇ ਜੇਕਰ ਉਹਨਾਂ ਦੇ ਧਿਆਨ ਸੜਕਾਂ ਸਬੰਧੀ ਕੋਈ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਉਹ ਵਿਭਾਗੀ ਅਧਿਕਾਰੀਆਂ ਜਾਂ ਉਹਨਾਂ ਦੇ ਧਿਆਨ ਵਿੱਚ ਜਰੂਰ ਲਿਆਉਣ ਤਾਂ ਜੋ ਇਸ ਨੂੰ ਸਮੇਂ ਸਿਰ ਦਰੁਸਤ ਕਰਵਾਇਆ ਜਾ ਸਕੇ। ਉਨ੍ਹਾਂ ਸੜਕ ਨਿਰਮਾਣ ਠੇਕੇਦਾਰਾਂ ਨੂੰ ਵੀ ਹਦਾਇਤ ਕੀਤੀ ਕਿ ਸੜਕਾਂ ਨੂੰ ਮਿਆਰੀ ਅਤੇ ਗੁਣਵੱਤਾ ਭਰਪੂਰ ਬਣਾਉਣ ਅਤੇ ਜੇਕਰ ਸੜਕਾਂ ਦੀ ਹਾਲਤ ਖਰਾਬ ਹੁੰਦੀ ਹੈ ਤਾਂ ਉਹਨਾਂ ਨੂੰ ਇਸ ਦੀ ਮੁਕੰਮਲ ਕਰਨੀ ਪਵੇਗੀ ਤੇ ਸਖ਼ਤ ਕਾਰਵਾਈ ਦਾ ਸਾਹਮਣਾ ਵੀ ਕਰਨਾ ਪਵੇਗਾ।

ਇਸ ਤੋਂ ਇਲਾਵਾ ਕੈਬਨਿਟ ਮੰਤਰੀ ਵਲੋਂ ਪਿੰਡ ਮੁਜ਼ੱਫਰਪੁਰ ਵਿਚੱ 4186 ਸਕੇਅਰ ਫੁੱਟ ਵਿੱਚ ਬਣ ਰਹੇ ਪੀ.ਐਚ.ਸੀ. ਸੈਂਟਰ ਜੋ ਅਪ੍ਰੈਲ 2026 ਵਿੱਚ ਬਣਕੇ ਤਿਆਰ ਹੋਣਾ ਹੈ ਦਾ ਨਿਰੀਖਣ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨਿਰੀਖਣ ਦੌਰਾਨ ਇਮਾਰਤ ਦੇ ਨਿਰਮਾਣ ਵਿੱਚ ਵਰਤੀ ਜਾ ਰਹੀ ਸਮੱਗਰੀ ਜਿਵੇਂ ਸਰੀਆ, ਸੀਮੈਂਟ, ਇੱਟਾਂ, ਰੇਤਾਂ ਆਦਿ ਦੇ ਸੈਂਪਲ ਲਏ ਗਏ। ਉਨ੍ਹਾਂ ਕਿਹਾ ਕਿ ਇਹਨਾਂ ਸੈਂਪਲਾਂ ਨੂੰ ਪਟਿਆਲਾ ਲੈਬ ਵਿਖੇ ਜਾਂਚ ਲਈ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ, ਪੰਜਾਬ ਸ.ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਵਿਭਾਗ ਵਲੋਂ ਸੜਕਾਂ ਤੇ ਇਮਾਰਤਾਂ ਦੇ ਨਿਰਮਾਣ ਵਿੱਚ ਕੰਮ ਦੀ ਗੁਣਵੱਤਾ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਅੱਪਰਾ ਦੇ ਵਿਅਕਤੀ ਦੀ ਗਰੀਸ ਚ ਹੋਈ ਮੌਤ



**ਫਿਲੌਰ/ਅੱਪਰਾ, (ਦੀਪਾ)-** ਇਲਾਕੇ ਭਰ ਵਿੱਚ ਉਸ ਸਮੇਂ ਸੋਗ ਦੀ ਲਹਿਰ ਫੈਲ ਗਈ, ਜਦੋਂ ਅੱਪਰਾ ਦੇ ਵਿਅਕਤੀ ਦੀ ਗਰੀਸ ਚ ਮੌਤ ਹੋ ਗਈ। ਪ੍ਰਾਪਤ ਵੇਰਵਿਆਂ ਅਨੁਸਾਰ ਬ੍ਰਿਜ ਮੋਹਨ ਜਸਰਾ ਉਰਫ ਬਿੱਲਾ (42) ਨੇੜੇ ਪੁਰਾਣੀ ਸਬਜ਼ੀ ਮੰਡੀ ਅੱਪਰਾ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਬ੍ਰਿਜ ਮੋਹਨ ਜਸਰਾ ਦੀ ਮ੍ਰਿਤਕ ਦੇਹ 4 ਫਰਵਰੀ ਨੂੰ ਅੱਪਰਾ ਵਿਖੇ ਪਹੁੰਚੇਗੀ।

## ਕ੍ਰਿਸ਼ਨ ਬਰਗਾੜੀ ਯਾਦਗਾਰੀ ਸੂਬਾਈ ਸਮਾਗਮ 8 ਫਰਵਰੀ ਨੂੰ

### ਕ੍ਰਿਸ਼ਨ ਬਰਗਾੜੀ ਯਾਦਗਾਰੀ ਪੁਰਸਕਾਰ ਮਨੁੱਖੀ ਹੱਕਾਂ ਦੀ ਨਾਮਵਰ ਕਾਰਕੁੰਨ ਡਾ. ਨਵਸ਼ਰਨ ਨੂੰ

**ਸੰਗਰੂਰ**

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕ੍ਰਿਸ਼ਨ ਬਰਗਾੜੀ ਯਾਦਗਾਰੀ ਸੂਬਾਈ ਸਮਾਗਮ 8 ਫਰਵਰੀ ਨੂੰ ਸਵੇਰੇ 11 ਵਜੇ ਤਰਕਸ਼ੀਲ ਭਵਨ ਬਰਨਾਲਾ ਵਿਖੇ ਕਰਵਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਅਤੇ ਸੂਬਾਈ ਆਗੂਆਂ ਹੇਮ ਰਾਜ ਸਟੈਨੋਂ, ਰਾਜਪਾਲ ਬਠਿੰਡਾ ਅਤੇ ਸੁਮੀਤ ਅੰਮ੍ਰਿਤਸਰ ਨੇ ਦੱਸਿਆ ਕਿ ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ 24ਵੀਂ ਬਰਸੀ ਦੇ ਸਬੰਧ ਵਿੱਚ ਕੀਤੇ ਜਾ ਰਹੇ ਸਮਾਗਮ ਵਿੱਚ ਮਨੁੱਖੀ ਹੱਕਾਂ ਦੀ ਨਾਮਵਰ ਕਾਰਕੁੰਨ ਅਤੇ ਜਮਹੂਰੀ ਚਿੰਤਕ ਡਾ.ਨਵਸ਼ਰਨ ਨੂੰ 24ਵਾਂ ਕ੍ਰਿਸ਼ਨ ਬਰਗਾੜੀ ਯਾਦਗਾਰੀ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮੌਕੇ ਮੀਡੀਆ ਅਦਾਰੇ 'ਦ ਵਾਇਰ' ਦੀ ਨਾਮਵਰ ਸੀਨੀਅਰ ਸੰਪਾਦਕ ਆਰਿਫਾ ਖਾਨੁਮ ਸ਼ੇਰਵਾਨੀ 'ਅਜੋਕਾ ਮੀਡੀਆ ਅਤੇ ਸਾਡੇ ਕਾਰਜ' ਵਿਸ਼ੇ ਸਬੰਧੀ ਮੁੱਖ ਬੁਲਾਰੇ ਦੇ ਤੌਰ ਤੇ ਆਪਣੇ ਵਿਚਾਰ ਪੇਸ਼ ਕਰਨਗੇ। ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਦੇ ਸਾਰੇ ਤਰਕਸ਼ੀਲ ਕਾਰਕੁਨਾਂ ਸਮੇਤ ਸਮੂਹ ਲੋਕ ਪੱਖੀ ਅਤੇ ਇਨਸਾਫਪਸੰਦ ਜਮਹੂਰੀ ਤੇ ਜਨਤਕ ਜਥੇਬੰਦੀਆਂ ਦੇ ਆਗੂਆਂ ਅਤੇ ਕਾਰਕੁਨਾਂ ਨੂੰ ਵੱਡੀ ਗਿਣਤੀ ਵਿੱਚ ਇਸ ਸੂਬਾਈ ਸਮਾਗਮ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ।

**ਸੁਮੀਤ ਅੰਮ੍ਰਿਤਸਰ**
**ਸੂਬਾਈ ਮੀਡੀਆ ਮੁਖੀ**
**ਮਾਸਟਰ ਪਰਮਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਫੂਡ ਸੇਫਟੀ ਟੀਮ ਨੇ ਖਾਣ ਵਾਲੀਆਂ ਚੀਜ਼ਾਂ ਅਤੇ ਘਿਓ ਸਮੇਤ ਜੂਸ ਦੇ 6 ਸੈਂਪਲ ਭਰੇ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਖਪਤਕਾਰਾਂ ਨੂੰ ਸੁਰੱਖਿਅਤ ਅਤੇ ਮਿਆਰੀ ਖਾਣ-ਪੀਣ ਦੇ ਪਦਾਰਥ ਉਪਲੱਬਧ ਕਰਵਾਉਣ ਲਈ ਸਿਹਤ ਵਿਭਾਗ ਹੁਸ਼ਿਆਰਪੁਰ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ਼੍ਰੀਮਤੀ ਆਸ਼ਿਕਾ ਜੈਨ ਆਈ.ਏ.ਐਸ ਦੇ ਹੁਕਮਾਂ ਹੇਠ, ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਬੀਰ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਜਤਿੰਦਰ ਭਾਟੀਆ ਦੀ ਅਗਵਾਈ ਵਿੱਚ ਫੂਡ ਸੇਫਟੀ ਅਫਸਰ ਵਿਵੇਕ ਕੁਮਾਰ ਅਤੇ ਟੀਮ ਮੈਂਬਰਾਂ ਨੇ ਅੱਜ ਹੁਸ਼ਿਆਰਪੁਰ ਚ ਦੁਕਾਨਾਂ ਤੋ ਕੇਕ ,ਪੇਸਟਰੀ, ਗੁੜ ਗੱਚਕ ,ਵਨਸਪਤੀ ਤੇਲ ਅਤੇ ਘਿਓ ਸਮੇਤ ਜੂਸ ਦੇ 6 ਸੈਂਪਲ ਭਰੇ ਅਤੇ ਚੈਕਿੰਗ ਕੀਤੀ। ਇਸ ਬਾਰੇ ਗੱਲ ਕਰਦਿਆਂ ਜਿਲਾ ਸਿਹਤ ਅਫਸਰ ਡਾ.ਜਤਿੰਦਰ ਭਾਟੀਆ ਨੇ ਕਿਹਾ ਕਿ ਮਿਲਾਵਟ ਅਤੇ ਗੁਣਵੱਤਾ ਰਹਿਤ ਖਾਧ ਪਦਾਰਥਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਤਾਂ ਜੋ ਜਨਤਾ ਦੀ ਸਿਹਤ ਨਾਲ ਕੋਈ ਸਮਝੌਤਾ ਨਾ ਹੋਵੇ। ਉਨ੍ਹਾਂ ਨੇ ਦੱਸਿਆ ਕਿ ਫੂਡ ਸੇਫਟੀ ਅਫ਼ਸਰ ਵਿਵੇਕ ਕੁਮਾਰ ਅਤੇ ਉਹਨਾਂ ਦੀ ਟੀਮ ਵਲੋਂ ਸ਼ਿਵਮ ਹਸਪਤਾਲ ਦੇ ਨੇੜੇ ਦੀਆ ਦੁਕਾਨਾਂ ਅਤੇ ਰੇਹੜੀਆਂ ਵਾਲਿਆ ਤੋ ਜੂਸ ਦੇ ਸੈਂਪਲ ਭਰੇ ਗਏ ਹਨ।ਭਰੇ ਗਏ ਸੈਂਪਲਾਂ ਨੂੰ ਜਾਂਚ ਲਈ ਫੂਡ ਲੈਬ ਭੇਜਿਆ ਗਿਆ ਹੈ ਅਤੇ ਰਿਪੋਰਟ ਦੇ ਆਧਾਰ 'ਤੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਡਾ. ਜਤਿੰਦਰ ਭਾਟੀਆ ਅਤੇ ਫੂਡ ਸੇਫਟੀ ਟੀਮ ਵੱਲੋਂ ਦੁਕਾਨਦਾਰਾਂ ਅਤੇ ਰੇਹੜੀ ਚਾਲਕਾਂ ਨੂੰ ਚੇਤਾਵਨੀ ਦਿੱਤੀ ਗਈ ਕਿ ਉਹ ਮਿਆਰੀ ਖਾਧ ਪਦਾਰਥਾਂ ਦੀ ਵਰਤੋਂ ਕਰਨ ਅਤੇ ਸਾਫ਼-ਸੁਥਰੇ ਅਤੇ ਸੁਰੱਖਿਅਤ ਢੰਗ ਨਾਲ ਉਤਪਾਦ ਤਿਆਰ ਕਰਨ। ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਖਾਧ ਪਦਾਰਥਾਂ ਦੀ ਖਰੀਦਦਾਰੀ ਦੌਰਾਨ ਗੁਣਵੱਤਾ ਅਤੇ ਸਾਫ਼-ਸਫਾਈ ਦਾ ਵਿਸ਼ੇਸ਼ ਧਿਆਨ ਰੱਖਣ।

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਜ਼ਿਲ੍ਹੇ ਅੰਦਰ ਰਜਿਸਟ੍ਰੇਸ਼ਨ ਸ਼ੁਰੂ - ਡਿਪਟੀ ਕਮਿਸ਼ਨਰ

## 10 ਫਰਵਰੀ ਨੂੰ ਜ਼ਿਲ੍ਹੇ ਵਿਚੋਂ ਪਹਿਲੀ ਬੱਸ ਹੋਵੇਗੀ ਰਵਾਨਾ – ਸਤਨਾਮ ਸਿੰਘ ਜਲਵਾਹਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸਬੰਧੀ ਜ਼ਿਲ੍ਹੇ ਅੰਦਰ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਆਪਣੇ ਦਫ਼ਤਰ ਵਿੱਚ ਜ਼ਿਲ੍ਹਾ ਅਧਿਕਾਰੀਆਂ ਨਾਲ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੀ ਸਮੀਖਿਆ ਕਰਦਿਆਂ ਦਿੱਤੀ। ਇਸ ਮੀਟਿੰਗ ਵਿੱਚ ਚੇਅਰਮੈਨ ਜ਼ਿਲ੍ਹਾ ਨਗਰ ਸੁਧਰ ਟਰੱਸਟ ਸਤਨਾਮ ਸਿੰਘ ਜਲਵਾਹਾ ਵਿਸ਼ੇਸ਼ ਤੌਰ ‘ਤੇ ਹਾਜ਼ਰ ਹੋਏ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਦੂਜੇ ਪੜਾਅ ਤਹਿਤ ਰਜਿਸਟ੍ਰੇਸ਼ਨ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਨੂੰ ਤੀਰਥ ਯਾਤਰਾਂ ‘ਤੇ ਲਿਜਾਉਣ ਸਬੰਧੀ ਫਾਰਮ ਬੂਥ ਪੱਧਰ ਉੱਤੇ ਭਰੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਯਾਤਰਾ ’ਤੇ ਜਾਣ ਵਾਲੇ ਸ਼ਰਧਾਲੂਆਂ ਦੀ ਚੋਣ ਡਰਾਅ ਰਾਹੀਂ ਪੂਰਨ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਯਾਤਰਾ ਦੌਰਾਨ



ਸੰਗਤ ਨਾਲ ਇਕ ਮੈਡੀਕਲ ਟੀਮ ਵੀ ਜਾਵੇਗੀ ਤਾਂ ਕਿ ਕਿਸੇ ਵੀ ਹੰਗਾਮੀ ਸਥਿਤੀ ਵਿਚ ਤੁਰੰਤ ਸਹਾਇਤਾ ਦਿੱਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਯਾਤਰਾ ਲਈ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸ਼ਰਧਾਲੂ ਯੋਗ ਹੋਣਗੇ। ਇਸ ਲਈ ਰਜਿਸਟ੍ਰੇਸ਼ਨ ਵਾਸਤੇ ਵੋਟਰ ਕਾਰਡ ਲਾਜ਼ਮੀ ਹੋਵ- ੇਗਾ। ਉਨ੍ਹਾਂ ਕਿਹਾ ਕਿ ਹਰੇਕ ਰਜਿਸਟਰਡ ਵਿਅਕਤੀਆਂ ਵਿਚੋਂ ਹਰੇਕ ਬੂਥ ਤੋਂ ਡਰਾਅ ਰਾਹੀਂ ਸ਼ਰਧਾਲੂਆਂ ਦੀ ਚੋਣ ਕੀਤੀ ਜਾਵੇਗੀ। ਮੀਟਿੰਗ ਦੌਰਾਨ ਚੇਅਰਮੈਨ ਜ਼ਿਲ੍ਹਾ ਨਗਰ ਸੁਧਰ ਟਰੱਸਟ ਸਤਨਾਮ ਸਿੰਘ ਜਲਵਾਹਾ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬਜੁਰਗਾਂ ਲਈ ਮੁੱਖ ਮੰਤਰੀ ਤੀਰਥ ਯਾਤਰਾ ਸ਼ੁਰੂ ਕੀਤੀ ਗਈ ਜਿਸ ਸਬੰਧੀ ਉਨ੍ਹਾਂ ਜ਼ਿਲ੍ਹਾ ਕੋਆਡੀਨੇਟਰ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅੱਜ ਤੋਂ ਜ਼ਿਲ੍ਹੇ ਦੇ ਤਿੰਨਾਂ ਹਲਕਿਆਂ ਵਿੱਚ ਰਜਿਸਟਰੇਸ਼ਨ ਦਾ ਕੰਮ ਸ਼ੁਰੂ ਹੋ ਚੁੱਕੀ ਹੈ ਅਤੇ 10 ਫਰਵਰੀ ਨੂੰ ਮੁੱਖ ਮੰਤਰੀ ਤੀਰਥ ਯਾਤਰਾ ਲਈ ਬੱਸ ਰਵਾਨਾ ਹੋਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਯਾਤਰਾ ਦੀ ਸਹੂਲਤ ਲਈ ਹਰ ਤਰ੍ਹਾਂ ਦੀਆਂ ਤਿਆਰੀਆਂ ਕੀਤੀਆਂ ਗਈਆਂ ਹਨ ਅਤੇ ਯਾਤਰਾ ਦੌਰਾਨ ਯਾਤਰੀਆਂ ਦੀ ਸਹੂਲਤ ਲਈ ਖਾਣਾ, ਮੈਡੀਕਲ ਸਹੂਲਤ, ਰਹਿਣ ਆਦਿ ਦੇ ਸਾਰੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ 10 ਫਰਵਰੀ ਨੂੰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਬੱਸ ਅੰਮ੍ਰਿਤਸਰ ਵਿਖੇ ਰਵਾਨਾ ਹੋਵੇਗੀ ਜਿਥੇ ਸ਼ਰਧਾਲੂਆਂ ਨੂੰ ਸ਼੍ਰੀ ਦਰਬਾਰ ਸਾਹਿਬ, ਰਾਮ ਤੀਰਥ ਮੰਦਿਰ, ਬਾਘਾ ਬਾਰਡਰ, ਜਲ੍ਹਿਆਵਾਲਾ ਬਾਗ ਆਦਿ ਥਾਂਵਾਂ ਦੀ ਯਾਤਰਾ ਕਰਵਾਈ ਜਾਵੇਗੀ।

# ਮਾਈਨਿੰਗ ਵਾਹਨਾਂ ਦੀ ਆਵਾਜਾਈ ‘ਤੇ ਅਸਥਾਈ ਪਾਬੰਦੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਸਮੱਗਰੀ ਲੈ ਜਾਣ ਵਾਲੇ ਟਿੱਪਰਾਂ/ਟਰੱਕਾਂ ਦੀ ਆਵਾਜਾਈ ਸਬੰਧੀ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਹਨ। ਇਨ੍ਹਾਂ ਹੁਕਮਾਂ ਅਨੁਸਾਰ, ਇਨ੍ਹਾਂ ਰੂਟਾਂ 'ਤੇ ਮਾਈਨਿੰਗ ਸਮੱਗਰੀ ਲੈ ਕੇ ਜਾਣ ਵਾਲੇ ਵਾਹਨਾਂ ਦੀ ਆਵਾਜਾਈ ਸਿਰਫ਼ ਸ਼ਾਮ 7.00 ਵਜੇ ਤੋਂ ਸਵੇਰੇ 7:00 ਵਜੇ ਤੱਕ ਹੀ ਹੋਵੇਗੀ ਅਤੇ ਇਸ ਸਮੇਂ ਤੋਂ ਇਲਾਵਾ 20 ਮਾਰਚ, 2026 ਤੱਕ ਇਨ੍ਹਾਂ ਵਾਹਨਾਂ ਦੀ ਆਵਾਜਾਈ 'ਤੇ ਪੂਰੀ ਤਰ੍ਹਾਂ ਪਾਬੰਦੀ ਰਹੇਗੀ। ਡਿਪਟੀ ਕਮਿਸ਼ਨਰ



ਨੇ ਅੱਗੇ ਦੱਸਿਆ ਕਿ ਉਪਰੋਕਤ ਹੁਕਮਾਂ ਦੀ ਨਿਰੰਤਰਤਾ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਪ੍ਰਕਾਸ਼ ਉਤਸਵ ਮੌਕੇ 4 ਫਰਵਰੀ ਤੋਂ 6 ਫਰਵਰੀ, 2026 ਤੱਕ ਸ੍ਰੀ ਖੁਰਾਲਗੜ੍ਹ ਸਾਹਿਬ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ (ਮੀਨਾਰ-ਏ-ਬੇਗਮਪੁਰਾ), ਚਰਨ ਛੋਹ ਗੰਗਾ ਅਤੇ ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੇ ਰਾਜ ਪੱਧਰੀ ਸਮਾਗਮ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਇਸ ਸਮੇਂ ਦੌਰਾਨ ਸ਼ਰਧਾਲੂਆਂ ਦੀ ਸਹੂਲਤ, ਸੁਚਾਰੂ ਆਵਾਜਾਈ ਪ੍ਰਣਾਲੀ ਅਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਸਮੱਗਰੀ ਲੈ ਜਾਣ ਵਾਲੇ ਟਿੱਪਰਾਂ/ਟਰੱਕਾਂ ਦੀ ਆਵਾਜਾਈ 4 ਫਰਵਰੀ 2026 ਤੋਂ 6 ਫਰਵਰੀ 2026 ਤੱਕ ਪੂਰੀ ਤਰ੍ਹਾਂ ਬੰਦ ਰਹੇਗੀ।

# ਬਿਕਰਮ ਸਿੰਘ ਮਜੀਠੀਆ ਦੀ ਹੋਈ ਜ਼ਮਾਨਤ ਤੇ ਸੂਬਾ ਸਰਕਾਰ ਨੂੰ ਮੂੰਹ ਦੀ ਖਾਣੀ ਪਈ : ਬਰਿੰਦਰ ਸਿੰਘ ਪ੍ਰਮਾਰ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ: ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਵੱਲੋਂ ਮਿਲੀ ਵੱਡੀ ਰਾਹਤ ਇੱਕ ਸਚਾਈ ਦੀ ਜਿੱਤ ਹੈ ! ਪੰਜਾਬ ਦੇ ਲੋਕ ਹੁਣ ਆਪ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਭਲੀਭਾਂਤ ਜਾਣੂ ਹੋ ਚੁੱਕੇ ਹਨ, ਜਿਸ ਦਾ ਜਵਾਬ ਉਹ 2027 ਵਿੱਚ ਆ ਰਹੀਆਂ ਚੋਣਾਂ ਦੌਰਾਨ ਦਿੰਦਿਆਂ ਆਮ ਆਦਮੀ ਪਾਰਟੀ ਨੂੰ ਸੂਬੇ 'ਚੋਂ ਬਾਹਰ ਦਾ ਰਾਹ ਵਿਖਾਉਣਗੇ। ਇਹਨਾਂ ਵਿਚਾਰ ਸ਼੍ਰੋਮਣੀ ਅਕਾਲੀ ਦਲ ਦੇ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਬਰਿੰਦਰ ਸਿੰਘ ਪ੍ਰਮਾਰ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਮਿਲਣੀ ਦੌਰਾਨ ਕੀਤਾ ! ਉਨ੍ਹਾਂ ਕਿਹਾ ਕਿ ਰੱਬ ਦੇ ਘਰ ਦੇਰ ਹੈ ਪਰ ਅੰਧੇਰ ਨਹੀਂ, ਭਾਵੇਂ ਕਿ ਫੈਸਲਾ ਆਉਣ 'ਚ ਦੇਰ ਲੱਗੀ ਪਰ ਇਸ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਝੂਠ ਜਿੰਨ੍ਹਾਂ ਮਰਜ਼ੀ ਜ਼ੋਰ ਲਗਾ ਲਵੇ ਪਰ ਝੂਠ ਨੂੰ ਇਕ ਨਾ ਇਕ



ਦਿਨ ਹਾਰ ਦਾ ਮੂੰਹ ਹੀ ਨਸੀਬ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮਜੀਠੀਆ ਨੂੰ ਜਿੱਥੇ ਸੁਪਰੀਮ ਕੋਰਟ ਨੇ ਵੱਡੀ ਰਾਹਤ ਪ੍ਰਦਾਨ ਕਰਦਿਆਂ ਜ਼ਮਾਨਤ ਦੀ ਅਰਜ਼ੀ ਮੰਨਜ਼ੂਰ ਕੀਤੀ ਹੈ, ਉਥੇ ਸੂਬਾ ਸਰਕਾਰ ਨੂੰ ਵੀ ਮੂੰਹ ਦੀ ਖਾਣੀ ਪਈ ਹੈ ! ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਬਿਕਰਮ ਸਿੰਘ ਮਜੀਠੀਆ ਤੇ ਰੰਜਿਸ਼ ਤਹਿਤ ਡਰੱਗ ਅਤੇ ਆਮਦਨ ਤੋਂ ਵਧੇਰੇ ਜਾਇਦਾਦ ਸਬੰਧੀ 2 ਝੂਠੇ ਪਰਚੇ ਦਰਜ ਕਰਵਾਏ, ਜਿਸ ਤਹਿਤ ਉਨ੍ਹਾਂ ਨੂੰ ਜੇਲ੍ਹ ਵਿੱਚ ਰੱਖਿਆ।ਉਨ੍ਹਾਂ ਕਿਹਾ ਕਿ ਮਜੀਠੀਆ ਨੂੰ ਰਾਜਨੀਤਿਕ ਬਦਲਾਖੋਰੀ ਦੇ ਤਹਿਤ ਝੂਠੇ ਕੇਸਾਂ 'ਚ ਫਸਾਇਆ ਗਿਆ ਸੀ, ਪਰ ਅਦਾਲਤ ਦੇ ਫ਼ੈਸਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸੱਚ ਨੂੰ ਕਦੇ ਦਬਾਇਆ ਨਹੀਂ ਜਾ ਸਕਦਾ ਉਨ੍ਹਾਂ ਕਿਹਾ ਕਿ ਇਹ ਜ਼ਮਾਨਤ ਉਨ੍ਹਾਂ ਲੋਕਾਂ ਲਈ ਵੀ ਸਖ਼ਤ ਸੁਨੇਹਾ ਹੈ ਜੋ ਸਰਕਾਰੀ ਏਜੰਸੀਆਂ ਦਾ ਗਲਤ ਇਸਤੇਮਾਲ ਕਰਕੇ ਵਿਰੋਧੀਆਂ ਦੀ ਆਵਾਜ਼ ਦਬਾਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਮਜੀਠੀਆ ਨੇ ਹਮੇਸ਼ਾਂ ਪੰਜਾਬ ਅਤੇ ਪੰਜਾਬੀਆਂ ਦੇ ਹੱਕਾਂ ਦੀ ਲੜਾਈ ਲੜੀ ਹੈ ਅਤੇ ਭਵਿੱਖ 'ਚ ਵੀ ਉਹ ਹੋਰ ਵੱਧ ਜੋਸ਼ ਨਾਲ ਲੋਕਾਂ ਦੀ ਸੇਵਾ ਕਰਦੇ ਰਹਿਣਗੇ ।ਉਨ੍ਹਾਂ ਨੇ ਮਾਣਯੋਗ ਅਦਾਲਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨਸਾਫ਼ ਪ੍ਰਣਾਲੀ 'ਤੇ ਲੋਕਾਂ ਦਾ ਵਿਸ਼ਵਾਸ ਅਜੇ ਵੀ ਕਾਇਮ ਹੈ।

# ਸ਼੍ਰੀ ਗੁਰੂ ਰਵਿਦਾਸ ਗੁਰਪੂਰਬ ਮੌਕੇ ਖੂਨਦਾਨ ਕੈਂਪ ਆਯੋਜਿਤ

**ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਸਾਹਿਬ-ਏ-ਕਮਾਲ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪਵਿੱਤਰ ਆਗਮਨ ਪੁਰਬ ਦੇ ਮੌਕੇ ਤੇ ਗੁਰਦੁਆਰਾ ਸੱਚ ਖੰਡ ਸਾਹਿਬ ਰਾਹੋਂ ਵਿਖੇ ਜੋਤ ਸੋਸ਼ਲ ਅਵੇਅਰਨੈੱਸ ਐਂਡ ਵੈੱਲਫੇਅਰ ਸੁਸਾਇਟੀ ਰਾਹੋਂ ਵੱਲੋਂ ਇੰਡੀਅਨ ਮੈਡੀਕਲ ਐਸੋਸੀਏਸ਼ਨ ਬਲੱਡ ਸੈਂਟਰ ਹੁਸ਼ਿਆਰਪੁਰ ਦੇ ਤਕਨੀਕੀ ਸਹਿਯੋਗ ਨਾਲ ਖੂਨਦਾਨ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਦੌਰਾਨ ਬਲਦੇਵ ਭਾਰਤੀ ਸਾਬਕਾ ਉੱਪ ਪ੍ਰਧਾਨ ਨਗਰ ਕੌਂਸਲ ਰਾਹੋਂ ਨੇ ਸਮੂਹ ਸੰਗਤਾਂ ਅਤੇ ਖੂਨਦਾਨੀ ਸਖਸ਼ੀਅਤਾਂ ਨੂੰ ਸਤਿਕਾਰ ਸਹਿਤ ਵਧਾਈ ਦਿੱਤੀ ਅਤੇ ਖੂਨਦਾਨ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਗੁਰੂ ਸਹਿਬਾਨ ਨੇ ਸਾਡੇ ਲਈ ਸਮਾਜਿਕ ਬੁਰਾਈਆਂ, ਅਡੰਬਰਾਂ, ਨਫ਼ਰਤ, ਛੂਆਛਾਤ ਅਤੇ ਊਚਨੀਚ ਨੂੰ ਤਿਆਗ ਕੇ ਮਾਨ-



ਵਤਾ ਦੀ ਭਲਾਈ ਦਾ ਸੰਦੇਸ਼ ਦਿੱਤਾ ਸੀ। ਉਸ ਸੰਦੇਸ਼ ਨੂੰ ਅਮਲੀ ਰੂਪ ਦੇਣ ਲਈ ਸਾਨੂੰ ਆਪਣੇ ਆਪ ਤੋਂ ਸ਼ੁਰੂਆਤ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਅਸੀਂ ਇਹ ਕਦੀ ਨਾ ਭੁਲੀਏ ਕਿ ਸਾਡੀ ਹੋਂਦ 'ਬੇਗਮ-ਪੁਰਾ' ਦੀ ਸੰਕਲਪੀ ਪਰਪੱਕਤਾ, 'ਪ੍ਰਾਧੀਨਤਾ ਪਾਪ ਹੈ' ਦੀ ਵੰਗਾਰ ਕਬੂਲ ਕਰਨ ਅਤੇ 'ਇਹੁ ਜਨਮੁ ਤੁਮਾਰੇ ਲੇਖੇ' ਦੀ ਇਬਾਰਤ ਵਿੱਚ ਰੱਤੇ ਜਾਣ ਨਾਲ ਹੈ। ਇਸ ਕੈਂਪ ਦੌਰਾਨ ਕੁਮਾਰੀ ਸਿਮਰਨਜੋਤ ਭਾਰਤੀ, ਸ੍ਰੀ ਦਿਨੇਸ਼ ਸਾਹਨੀ, ਸ਼੍ਰੀ ਸੋਮ ਲਾਲ ਚੁੰਬਰ, ਸ਼੍ਰੀ ਗੁਲਜ਼ਾਰ ਰਾਏ ਮਾਹੀ, ਠੇਕੇਦਾਰ ਵਿਜੇ ਕੁਮਾਰ, ਵਿਕਰਮਜੀਤ ਨਰ, ਜਸਵੀਰ ਸਰੋਆ, ਸੁਮਿਤ ਉਆਣ, ਪਵਨ ਮੱਲ, ਸੁਰੇਸ਼ ਅਰੋੜਾ, ਵਰਿੰਦਰ ਸਿੰਘ ਬਾਜਵਾ, ਬਲਦੇਵ ਰਾਜ ਮਾਹੀ, ਆਸ਼ੂ ਮਾਹੀ, ਬਿਮਲਾ, ਸੁੱਖਵਿੰਦਰ ਕੌਰ, ਸੁੱਖਵਿੰਦਰ ਰਾਏ ਅਤੇ ਹਰਸ਼ਦੀਪ ਭਾਰਤੀ, ਗੁਰਦੁਆਰਾ ਸੱਚ ਖੰਡ ਸਾਹਿਬ ਪ੍ਰਬੰਧਕ ਕਮੇਟੀ ਦੇ ਮੈਂਬਰ ਸੱਤਪਾਲ ਰਾਏ ਅਤੇ ਕਸਤੂਰੀ ਲਾਲ, ਬਲੱਡ ਸੈਂਟਰ ਦੀ ਟੀਮ ਦੇ ਵਲੰਟੀਅਰ ਮੋਹਿਤ ਕਪੂਰ, ਰਾਮ ਸਰੂਪ ਅਤੇ ਮਨਜੀਤ ਕੁਮਾਰ ਆਦਿ ਨੇ ਵਿਸ਼ੇਸ਼ ਸੇਵਾਵਾਂ ਨਿਭਾਈਆਂ।

# ਇੱਕ ਹਾਨਣ ਕਹਿੰਦੀ ਹਾਣੀ ਨੂੰ


ਤੇਰੀ ਸੋਚ ਦਿਮਾਗ਼ 'ਚ ਜਦੋਂ ਵੀ ਆ ਜਾਂਦੀ ,
ਮੇਰੇ ਜਿਸਮ ਦਾ ਲੂੰ ਲੂੰ ਓਸੇ ਵੇਲ਼ੇ ਹੀ ਮਹਿਕਣ ਲੱਗ ਜਾਂਦੈ।
ਜਿਵੇਂ ਕਿਸੇ ਬਾਗ਼ ਨੂੰ ਤਾਜ਼ਾ ਪਾਣੀ ਲਾਇਆ ਹੋਵੇ ,
ਮੁੱਖ ਸੱਜਰੇ ਖਿੜੇ ਹੋਏ ਫੁੱਲਾਂ ਵਾਂਗੂੰ ਟਹਿਕਣ ਲੱਗ ਜਾਂਦੈ।
ਐਪਰ ਜਿੱਦਣ ਹੋਣ ਨਾ ਦਰਸ਼ਨ ਦਿਲ ਕੁਮਲਾਅ ਜਾਂਦੈ ,
ਜਿੱਦਾਂ ਮੈਂ ਹੋਵਾਂ ਕੋਈ ਤੁਰਦੀ ਫਿਰਦੀ ਜਿੰਦਾ ਲਾਸ਼ ਜਿਹੀ ;
ਰਾਤੀਂ ਸੁਪਨਿਆਂ ਵਿੱਚ ਤੈਨੂੰ ਵੇਖ ਵੇਖ ਕੇ ਹਾਣਦਿਆ ,
ਮੇਰਾ ਮੁਰਦਾ ਹੋਇਆ ਸਰੀਰ ਵੀ ਸਹਿਕਣ ਲੱਗ ਜਾਂਦੈ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ**
**ਜ਼ਿਲ੍ਹਾ ਸੰਗਰੂਰ ।**
9914836037

# ਅਜੀਬੋ-ਗਰੀਬ ਧਾਰਨਾਵਾਂ !

ਅੱਜਕੱਲ੍ਹ ਚੰਗੀ ਸੈਰ ਮੈਂ ਕਰਦਾਂ।
ਖਾਣ-ਪੀਣ 'ਤੇ ਧਿਆਨ ਵੀ ਧਰਦਾਂ।
ਮਿੱਠੇ ਤੇ ਨਮਕੀਨ ਦਾ ਹੇਜ।
ਤਿਆਗ ਦਿੱਤਾ ਰੱਖਦਾਂ ਪ੍ਰਹੇਜ਼।
ਪਾਣੀ, ਫ਼ਲ ਤੇ ਹਰਾ ਸਲਾਦ।
ਵਿੱਚ ਖ਼ੁਰਾਕ ਦੇ ਰੱਖਾਂ ਯਾਦ।
ਸਮਾਂ ਕੱਢ ਕਸਰਤ ਕਰ ਲੈਨਾ।
ਲੰਮੇ ਲੰਮੇ ਸਾਂਹ ਭਰ ਲੈਨਾ
ਪਰ ਇੱਕ ਹੋਈ ਜਾਵੇ ਕਮਾਲ।
ਪੁੱਛਣ ਲੋਕ ਅਜੀਬ ਸਵਾਲ।
ਕਈਂ ਪੁੱਛਦੇ ਕੀ ਸ਼ੂਗਰ ਹੋ ਗਈ ?
ਜ਼ਿੰਦਗੀ ਤਾਂ ਨ੍ਹੀ ਦੁੱਭਰ ਹੋ ਗਈ ?
ਕੋਈ ਆਖੇ ਬੀ.ਪੀ. ਤਾਂ ਠੀਕ ?
ਜੋ ਐਦਾਂ ਦੀ ਫੜ ਲਈ ਲੀਕ।
ਬਹੁਤੇ ਛਾਤੀ ਸਾਹ ਨੂੰ ਵਾਚਣ।
ਗੁਰਦੇ, ਦਿਲ ਜਾਂ ਲੀਵਰ ਜਾਚਣ।
ਕਈਂ ਹੋਰ ਹੀ ਕਰਦੇ ਸੋਗ।
ਕਰਦੇ ਸ਼ੱਕ ਮਾਨਸਿਕ ਰੋਗ ?
ਜਦ ਦੱਸਦਾਂ ਤੰਦਰੁਸਤ ਮੈਂ ਪੂਰਾ।
ਮਾਰਨ ਕਈਂ ਅਜੀਬ ਖੰਘੂਰਾ।
ਕਹਿਣ "ਫੇਰ ਕੀ ਲੱਗੀ ਚੱਟੀ।
ਤੜਕੇ ਈ ਤੁਰਦੈਂ ਵੱਟੋ-ਵੱਟੀ।
ਊਈਂ ਹਰਕਤਾਂ ਕਰਦਾ ਰਹਿੰਨੈ।
ਘਾਹ-ਫੂਸ ਜਿਹਾ ਚਰਦਾ ਰਹਿੰਨੈ।
ਦੱਬਕੇ ਖਾਣਾ ਖਾਇਆ ਕਰ ਤੂੰ।
ਦੇਸੀ ਘਿਓ ਵਿੱਚ ਪਾਇਆ ਕਰ ਤੂੰ।
ਦਹੀਂ, ਲੱਸੀ ਤੇ ਮੱਖਣ ਛਕ।
ਕੱਚਾ ਨਾਲ ਪਨੀਰ ਵੀ ਰੱਖ।
ਉਮਰ ਛੋਟੀ ਵਿੱਚ ਮਾਰ ਨਾ ਬੁੱਧ।
ਜੱਗ ਕੁ ਤਾਂ ਪੀਆ ਕਰ ਦੁੱਧ।"
ਸੁਣਕੇ ਸਭ ਹੋਵੇ ਅਫ਼ਸੋਸ
ਪਰ ਘੱਟ ਗਿਣਤੀ ਕਾਹਦਾ ਰੋਸ।
ਬਹੁਤੇ ਕਰ ਸਵਾਲ ਨ੍ਹੀ ਸਕਦਾ
ਪਰ ਹੱਸਕੇ ਵੀ ਟਾਲ ਨ੍ਹੀ ਸਕਦਾ।
ਪਿੰਡ ਘੜਾਮੇਂ ਰੋਮੀ ਫਸਦਾ।
ਨਿੱਜਵਾਦੀ ਜੇ ਦੱਸਣੋ ਨੱਸਦਾ।
ਫੇਰ ਇੱਕੋ ਕਰਦਾਂ ਫਰਿਯਾਦ।
ਕਰ ਬਾਬਾ ਨਾਨਕ ਨੂੰ ਯਾਦ।
ਇੱਦਾਂ ਮਨ ਤੋਂ ਭਾਰ ਮੈਂ ਲਾਹਵਾਂ।
ਨਾਲ ਠਰ੍ਹੰਮੇ ਸ਼ਬਦ ਸੁਣਾਵਾਂ।
ਕਿ:-
ਬਾਬਾ ਹੋਰੁ ਖਾਣਾ ਖੁਸੀ ਖੁਆਰ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥



**ਪੇਸ਼ਕਸ਼: ਰੋਮੀ ਘੜਾਮਾਂ।**
7717380107

# ਪੰਛੀਆਂ ਦੀ ਸੇਵਾ ....

ਪੰਛੀਆਂ ਦੀ ਤੂੰ ਸੇਵਾ ਕਰ ਲੈ
ਨਾਤਾ ਕੁਦਰਤ ਨਾਲ਼ ਜੋੜ ਲੈ ,
ਪੰਛੀਆਂ ਦੀ ਤੂੰ ਸੇਵਾ ਕਰ ਲੈ
ਨਾਤਾ ਕੁਦਰਤ ਨਾਲ਼ ਜੋੜ ਲੈ ,
ਚੰਗੇ ਕੰਮ ਤੂੰ ਕਰ ਲੈ ਬੰਦਿਆ
ਬੁਰੇ ਕੰਮਾਂ ਤੋਂ ਮੂੰਹ ਮੋੜ ਲੈ ,
ਪੰਛੀਆਂ ਦੀ ਤੂੰ ਕਰ ਲੈ ਸੇਵਾ
ਨਾਤਾ ਕੁਦਰਤ ਨਾਲ਼ ਜੋੜ ਲੈ।




ਦਾਣਾ ਪਾਣੀ ਇਹਨਾਂ ਨੂੰ ਪਾ ਦੇ
ਆਪਣਾ ਜਰਾ ਕੁ ਫਰਜ਼ ਨਿਭਾਅ ਦੇ ,
ਵੱਧ ਤੋਂ ਵੱਧ ਪੌਦੇ ਲਗਾ ਕੇ
ਉਜੜੇ ਘਰ ਇਹਨਾਂ ਦੇ ਮੋੜ ਲੈ ,
ਪੰਛੀਆਂ ਦੀ ਤੂੰ ਕਰ ਲੈ ਸੇਵਾ
ਨਾਤਾ ਕੁਦਰਤ ਨਾਲ਼ ਜੋੜ ਲੈ।

ਰੁੱਖਾਂ ਦੀ ਸੰਭਾਲ਼ ਤੂੰ ਕਰ ਲੈ
ਭਵਿੱਖ ਆਪਣੇ 'ਤੇ ਵਿਚਾਰ ਵੀ ਕਰ ਲੈ ,
ਅੰਦਰਲੇ ਹੰਕਾਰ ਨੂੰ ਤੋੜ ਲੈ
ਪੰਛੀਆਂ ਦੀ ਤੂੰ ਕਰ ਲੈ ਸੇਵਾ ,
ਨਾਤਾ ਕੁਦਰਤ ਨਾਲ਼ ਜੋੜ ਲੈ।

ਵਧਦੀ ਗਰਮੀ ਪੰਛੀਆਂ ਦੀ ਪਿਆਸ ਵਧਾਏ
ਦੋ ਘੁੱਟ ਪਾਣੀ ਨਾਲ਼ ਪਿਆਸ ਮਿਟਾ ਦੇ ,
ਕਰ ਪੂਰੀ ਇਹਨਾਂ ਦੀ ਲੋੜ ਲੈ
ਪੰਛੀਆਂ ਦੀ ਤੂੰ ਕਰ ਲੈ ਸੇਵਾ ,
ਨਾਤਾ ਕੁਦਰਤ ਨਾਲ਼ ਜੋੜ ਲੈ।

ਰੰਗ - ਬਿਰੰਗੇ ਇਹ ਪਿਆਰੇ - ਪਿਆਰੇ
ਲਗਦੇ ਅਦਭੁੱਤ ਕੁਦਰਤ ਦੇ ਨਜ਼ਾਰੇ ,
ਮੁਖ ਤੂੰ ਵੀ ਇਹਨਾਂ ਵੱਲ ਮੋੜ ਲੈ
ਪੰਛੀਆਂ ਦੀ ਤੂੰ ਕਰ ਲੈ ਸੇਵਾ ,
ਨਾਤਾ ਕੁਦਰਤ ਨਾਲ਼ ਜੋੜ ਲੈ
ਨਾਤਾ ਕੁਦਰਤ ਨਾਲ਼ ਜੋੜ ਲੈ।



**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**ਇੰਡੀਆ ਬੁੱਕ ਆੱਫ਼ ਰਿਕਾਰਡਜ਼ ਹੋਲਡਰ**
**ਸ਼੍ਰੀ ਅਨੰਦਪੁਰ ਸਾਹਿਬ**
9478561356

# ਟੱਪੇ

ਬੇਰ ਬੇਰੀਆਂ ਨੂੰ ਲੱਗੇ ਹੋਏ ਨੇ,
ਆਪਣੇ ਪੁੱਤ ਨੂੰ ਬਦੇਸ਼ ਭੇਜ ਕੇ
ਮਾਂ-ਪਿਉ ਘਰ ਕੱਲੇ ਬੈਠੇ ਹੋਏ ਨੇ।
ਅੱਗ ਨਾੜ ਨੂੰ ਲਾਈ ਹੋਈ ਏ,
ਆਪਣੇ ਮਿੱਤਰ ਜੀਵਾਂ ਨੂੰ ਮਾਰ ਕੇ ਵੀ
ਬੰਦੇ ਦੀ ਤਸੱਲੀ ਨਹੀਂ ਹੋਈ ਏ।
ਧੁੱਪ ਨਾ' ਸੜਕ ਦੀ ਲੁੱਕ ਪਿਘਲ ਰਹੀ,
ਕੰਮ ਖਰਾਬ ਹੋਣ ਪਿੱਛੋਂ ਚੇਤੇ ਆਵੇ
ਗੱਲ ਸਿਆਣਿਆਂ ਦੀ ਕਹੀ।
ਰੋਜ਼ ਕੀਮਤ ਸੋਨੇ ਦੀ ਵਧੀ ਜਾਵੇ,
ਇਸ ਦੇ ਗਹਿਣੇ ਬਣਾ ਕੇ
ਕੋਈ ਕਿੱਦਾਂ ਆਪਣੀ ਧੀ ਦੇ ਪਾਵੇ।
ਰਸੋਈ ਗੈਸ ਦਾ ਸਿਲੰਡਰ ਮਹਿੰਗਾ ਹੋਇਆ ਏ,
ਪਤਨੀ ਮੰਗੇ ਭਰਿਆ ਗੈਸ ਸਿਲੰਡਰ
ਪਤੀ ਦੇ ਚਿਹਰੇ ਦਾ ਰੰਗ ਉੱਡਿਆ ਏ।
ਮੰਨਿਆ ਕਿ ਜ਼ਿੰਦਗੀ ਹੈ ਚਾਰ ਦਿਨ ਦੀ,
ਪਰ ਬਿਨਾਂ ਧਨ,ਦੌਲਤ ਤੋਂ ਯਾਰੋ
ਇਹ ਲੱਗਦੀ ਹੈ ਹਜ਼ਾਰ ਦਿਨ ਦੀ।



**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਨਵਾਂ ਸ਼ਹਿਰ-9915803554**



## ਪਿੰਡ ਭਰੋਮਜਾਰਾ ਵਿਖੇ ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ

**ਬੰਗਾ (ਚਰਨਜੀਤ ਸੱਲ੍ਹਾਂ):-** ਪਿੰਡ ਭਰੋਮਜਾਰਾ ਦੇ ਅੰਦਰਲਾ ਮੁਹੱਲਾ ਵਿਖੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649 ਵਾਂ ਪ੍ਰਕਾਸ਼ ਦਿਵਸ ਬਹੁਤ ਹੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਸਵੇਰੇ ਸੰਗਤਾਂ ਨੂੰ ਚਾਹ ਪਕੌੜਿਆਂ ਦਾ ਲੰਗਰ ਵਰਤਾਇਆ ਗਿਆ। ਇਸ ਉਪਰੰਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਇਸ ਉਪਰੰਤ ਅਰਦਾਸ ਕੀਤੀ ਗਈ। ਅਰਦਾਸ ਉਪਰੰਤ ਭਾਈ ਹਰਮੀਤ ਸਿੰਘ ਕੀਰਤਨੀ ਜੱਥਾ ਗੁਣਾਚੌਰ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਪ੍ਰਬੰਧਕ ਕਮੇਟੀ ਵਲੋਂ ਸਹਿਯੋਗ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਸਿਰੋਪਾਓ ਅਤੇ ਵਿਸ਼ੇਸ਼ ਸਨਮਾਨ ਦੇਕੇ ਸਨਮਾਨਿਤ ਕੀਤਾ ਗਿਆ। ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ । ਇਸ ਮੌਕੇ ਸੁਰਿੰਦਰਪਾਲ ਸੁੰਡਾ ਸਰਪੰਚ, ਲਖਵੀਰ ਸਿੰਘ ਲੱਖਾ ਪ੍ਰਧਾਨ, ਡਾ ਨਵਕਾਂਤ ਭਰੋਮਜਾਰਾ ਜਨਰਲ ਸਕੱਤਰ, ਸ਼ਿੰਦਰਪਾਲ ਕੈਸ਼ੀਅਰ, ਸਤੀਸ਼ ਕੁਮਾਰ ਮੈਂਬਰ, ਰਾਜਪਾਲ ਮੈਂਬਰ, ਤਰਸੇਮ ਲਾਲ ਮੈਂਬਰ, ਸੁਰਿੰਦਰ ਕੁਮਾਰ ਮੈਂਬਰ, ਸੋਹਣ ਸਿੰਘ ਮੈਂਬਰ, ਹੁਸਨ ਲਾਲ ਮੈਂਬਰ, ਹਰਬੰਸ ਸਿੰਘ ਮੈਂਬਰ, ਪੰਚ ਦਲਵੀਰ ਚੰਦ, ਪੰਚ ਅਨਿਲ ਕੁਮਾਰ ਸੋਨੂੰ, ਤੀਰਥ ਸਿੰਘ, ਕਰਤਾਰ ਸਿੰਘ, ਲਾਲ ਚੰਦ ਯੂਕੇ,







ਜਰਨੈਲ ਸਿੰਘ, ਪ੍ਰੇਮ ਚੰਦ, ਭੁਪਿੰਦਰ ਸਿੰਘ, ਅਜੀਤ ਭਾਈ, ਪਵਨ ਸੁੰਡਾ, ਮਾ ਸਤਨਾਮ ਚੰਦ, ਗਿਆਨ ਸਿੰਘ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਮਹਿਲਾਵਾਂ ਵੀ ਹਾਜਰ ਸਨ।

## ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਦਿਵਸ ਪਿੰਡ ਢੇਸੀਆਂ ਕਾਹਨਾਂ ਵਿਖੇ 7-8 ਫਰਵਰੀ ਨੂੰ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾਵੇਗਾ

### 7 ਫਰਵਰੀ ਨੂੰ ਵਿਸ਼ਾਲ ਨਗਰ ਕੀਰਤਨ, ਪ੍ਰਸਿੱਧ ਗਾਇਕਾਂ ਵੱਲੋਂ ਸ਼ਬਦ ਗਾਇਨ

**ਬੰਗਾ, (ਚਰਨਜੀਤ ਸੱਲ੍ਹਾਂ)** ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਦਿਵਸ ਪਿੰਡ ਢੇਸੀਆਂ ਕਾਹਨਾਂ, ਤਹਿਸੀਲ ਫਿਲੌਰ (ਜ਼ਿਲ੍ਹਾ ਜਲੰਧਰ) ਵਿਖੇ 7 ਅਤੇ 8 ਫਰਵਰੀ (ਸ਼ਨੀਵਾਰ–ਐਤਵਾਰ) ਨੂੰ ਬੜੀ ਸ਼ਰਧਾ ਭਾਵਨਾ, ਉਤਸ਼ਾਹ ਅਤੇ ਧਾਰਮਿਕ ਰੌਣਕਾਂ ਨਾਲ ਮਨਾਇਆ ਜਾਵੇਗਾ।




ਇਸ ਪਾਵਨ ਸਮਾਗਮ ਦਾ ਆਯੋਜਨ ਗ੍ਰਾਮ ਪੰਚਾਇਤ, ਨਗਰ ਨਿਵਾਸੀਆਂ, ਐਨਆਰਆਈ ਸਹਿਯੋਗ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਂਝੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਸ਼ੀਲ ਵਿਰਦੀ, ਉਪ ਪ੍ਰਧਾਨ ਲਖਵਿੰਦਰ ਮਹੇ, ਸਕੱਤਰ ਮੁਲਖ ਰਾਜ ਜੱਖੂ, ਉਪ ਸਕੱਤਰ ਬਲਵੀਰ ਭਾਰਤੀ, ਕੈਸ਼ੀਅਰ ਨਰੇਸ਼ ਪਾਲ ਨੀਟਾ ਪੰਚ, ਉਪ ਕੈਸ਼ੀਅਰ ਅਮਰਜੀਤ ਸਰੋਏ, ਉਪ ਕੈਸ਼ੀਅਰ ਡਾ ਸੁਦਾਗਰ ਮਹੇ, ਮੈਂਬਰ ਰਾਮ ਲੁਭਾਇਆ, ਜਸਵੀਰ ਮਹੇ, ਕੁਲਦੀਪ ਜੱਖੂ, ਗੁਰਦੀਪ ਨਿੰਦਰ ਅਤੇ ਖਾਸ ਸਹਿਯੋਗੀ ਮਨਦੀਪ ਕੁਮਾਰ ਬਿੱਟਾ ਸਰਪੰਚ, ਖੇਮ ਰਾਜ, ਰਣਜੀਤ ਸਰੋਏ, ਸਰਬਜੀਤ ਜੱਖੂ, ਜੋਗ ਰਾਜ, ਬਲਜਿੰਦਰ ਰਾਜੂ, ਬਲਾਕ ਸੰਮਤੀ ਮੈਂਬਰ ਵਿਜੇ ਕੁਮਾਰ, ਡਾ. ਬਲਵਿੰਦਰ ਕੁਮਾਰ, ਚੂਹੜ ਰਾਮ, ਭਾਈ ਮਨੀ ਸਿੰਘ ਖਾਲਸਾ (ਹੈੱਡ ਗ੍ਰੰਥੀ), ਭਾਈ ਇੰਦਰ ਸਿੰਘ ਜੀ ਅਤੇ ਪਵਨ ਸੱਲਣ ਜੀ ਵੱਲੋਂ ਸਮਾਗਮ ਦੀ ਸਫਲਤਾ ਲਈ ਵਿਸ਼ੇਸ਼ ਯੋਗਦਾਨ ਦਿੱਤਾ ਜਾ ਰਿਹਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ 06 ਫਰਵਰੀ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ। 07 ਫਰਵਰੀ ਦਿਨ ਸ਼ਨੀਵਾਰ ਨੂੰ ਦੁਪਹਿਰ 12 ਵਜੇ ਵਿਸ਼ਾਲ ਨਗਰ ਕੀਰਤਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਪਿੰਡ ਦੇ ਵੱਖ-ਵੱਖ ਮੁਹੱਲਿਆਂ ਵਿੱਚੋਂ ਹੁੰਦਾ ਹੋਇਆ ਮੁੜ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਵੇਗਾ।

ਨਗਰ ਕੀਰਤਨ ਦੇ ਵੱਖ-ਵੱਖ ਪੜਾਵਾਂ ਦੌਰਾਨ ਗਾਇਕ ਰਾਜ ਦਦਰਾਲ, ਗਾਇਕਾ ਸਰਬਜੀਤ ਮੱਟੂ ਅਤੇ ਗਾਇਕ ਵਿੱਕੀ ਬਹਾਦਰਕੇ ਵੱਲੋਂ ਸਤਿਗੁਰ ਮਹਾਰਾਜ ਜੀ ਦੇ ਪਾਵਨ ਸ਼ਬਦਾਂ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ।


08 ਫਰਵਰੀ ਦਿਨ ਐਤਵਾਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਭੋਗ ਉਪਰੰਤ ਸਵੇਰੇ 10:30 ਵਜੇ ਤੋਂ 12:00 ਵਜੇ ਤੱਕ ਭਾਈ ਲਵਪ੍ਰੀਤ ਸਿੰਘ ਭੰਗੂ ਜੀ ਵੱਲੋਂ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਮਹਿਮਾ ਨਾਲ ਜੋੜਿਆ ਜਾਵੇਗਾ। ਇਸ ਉਪਰੰਤ ਚਾਹ-ਪਕੌੜੇ ਅਤੇ ਗੁਰੂ ਦਾ ਲੰਗਰ ਅਤੁੱਟ ਵਰਤੇਗਾ।

ਰਾਤ 7 ਵਜੇ ਸ਼੍ਰੀ ਪ੍ਰੀਤ ਰਵਿਦਾਸੀਆਂ ਜੀ, ਮੁੱਖ ਪ੍ਰਚਾਰਕ ਬੇਗਮਪੁਰਾ ਲਰਨਿੰਗ ਸੈਂਟਰ, ਚੰਦੜ ਕਲਾਂ (ਹਰਿਆਣਾ) ਧਾਰਮਿਕ ਸਮਾਗਮ ਦੌਰਾਨ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।

ਅੰਤ ਵਿੱਚ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਅਪੀਲ ਕੀਤੀ ਗਈ ਹੈ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਗੁਰੂ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

### *ਮੁੱਖ ਮੰਤਰੀ ਭਗਵੰਤ ਮਾਨ ਦੀ ਬਾਬਾ ਗੁਰਿੰਦਰ ਸਿੰਘ ਜੀ ਖ਼ਿਲਾਫ਼ “ਘਟੀਆ ਭਾਸ਼ਾ” ਦੀ ਵਰਤੋਂ ਦੀ ਕੜੀ ਨਿੰਦਾ ਕਰਦਾ ਹਾਂ – ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ*

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਕਾਂਗਰਸ ਪਾਰਟੀ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਪ੍ਰਧਾਨ ਅਜੇ ਮੰਗੂਪੁਰ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰਾਧਾ ਸੁਆਮੀ ਸਤਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਜੀ ਨੂੰ ਨਿਸ਼ਾਨਾ ਬਣਾਉਂਦੇ ਹੋਏ ਅਪਮਾਨਜਨਕ ਅਤੇ ਘਟੀਆ ਭਾਸ਼ਾ ਵਰਤਣ ਦੀ ਕੜੀ ਨਿੰਦਾ ਕੀਤੀ। ਅਜੇ ਮੰਗੂਪੁਰ ਨੇ ਕਿਹਾ ਕਿ ਇਹ “ਬਹੁਤ ਦੁਖਦਾਈ ਅਤੇ ਨਿੰਦਣਯੋਗ” ਹੈ ਕਿ ਮੁੱਖ ਮੰਤਰੀ ਨੇ ਸਿਰਫ਼ ਇੱਕ ਸਮਾਜਿਕ ਮੁਲਾਕਾਤ ਨੂੰ ਲੈ ਕੇ ਇੱਕ ਮਾਣਯੋਗ ਮਹਾਨ ਸ਼ਖ਼ਸੀਅਤ ਉੱਤੇ ਘਟੀਆ ਰਾਜਨੀਤਿਕ ਤੰਜ ਕਸਿਆ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਅਤੇ ਅਧਿਆਤਮਿਕ ਆਗੂ ਵੱਖ-ਵੱਖ ਵਰਗਾਂ ਦੇ ਲੋਕਾਂ ਨਾਲ ਮਿਲਦੇ ਹਨ ਅਤੇ ਅਜਿਹੀਆਂ ਮੁਲਾਕਾਤਾਂ ਨੂੰ ਸਿਆਸੀ ਰੰਗ ਦੇਣਾ ਮੁੱਖ ਮੰਤਰੀ ਦੇ ਅਹੁਦੇ ਦੀ ਮਰਿਆਦਾ ਨੂੰ ਘਟਾਉਂਦਾ ਹੈ। ਅਜੇ ਮੰਗੂਪੁਰ ਨੇ ਕਿਹਾ, “ਬਾਬਾ ਗੁਰਿੰਦਰ ਸਿੰਘ ਜੀ ਨੂੰ ਨਿਸ਼ਾਨਾ ਬਣਾਉਣਾ ਅਤੇ ਉਨ੍ਹਾਂ ਦੀ ਨੀਅਤ ਜਾਂ ਇਮਾਨਦਾਰੀ ‘ਤੇ ਘਟੀਆ ਟਿੱਪਣੀਆਂ ਕਰਨਾ ਲੱਖਾਂ ਸੰਗਤਾਂ ਦੀਆਂ ਭਾਵਨਾਵਾਂ ‘ਤੇ ਹਮਲਾ ਹੈ ਜੋ ਉਨ੍ਹਾਂ ਨੂੰ ਉੱਚ ਸਤਿਕਾਰ ਦੇ ਨਾਲ ਵੇਖਦੀਆਂ ਹਨ। ਰਾਜਨੀਤਿਕ ਵਖਰੇਵਿਆਂ ਦੇ ਨਾਂ ‘ਤੇ ਅਧਿਆਤਮਿਕ ਹਸਤੀਆਂ ਦਾ ਅਪਮਾਨ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ”। ਜਵਾਬਦੇਹੀ ਦੀ ਮੰਗ ਕਰਦਿਆਂ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਉਹ ਰਾਜਨੀਤੀ ਤੋਂ ਉੱਪਰ ਉੱਠ ਕੇ ਆਪਣੇ ਸੰਵਿਧਾਨਕ ਅਹੁਦੇ ਦੀ ਮਰਿਆਦਾ ਕਾਇਮ ਰੱਖਣ। ਅਜੇ ਮੰਗੂਪੁਰ ਨੇ ਕਿਹਾ,



“ਮੈਂ ਮੰਗ ਕਰਦਾ ਹਾਂ ਕਿ ਭਗਵੰਤ ਮਾਨ ਤੁਰੰਤ ਬਾਬਾ ਗੁਰਿੰਦਰ ਸਿੰਘ ਜੀ ਅਤੇ ਰਾਧਾ ਸੁਆਮੀ ਸੰਗਤ ਤੋਂ ਆਪਣੀਆਂ ਗੈਰ-ਜ਼ਿੰਮੇਵਾਰਾਨਾ ਅਤੇ ਅਪਮਾਨਜਨਕ ਟਿੱਪਣੀਆਂ ਲਈ ਜਨਤਕ ਮੁਆਫ਼ੀ ਮੰਗਣ।” ਉਨ੍ਹਾਂ ਅੰਤ ਵਿੱਚ ਕਿਹਾ ਕਿ ਪੰਜਾਬ ਨੂੰ ਨਿੱਜੀ ਹਮਲਿਆਂ ਅਤੇ ਸਿਆਸੀ ਨਾਟਕਬਾਜ਼ੀ ਨਹੀਂ, ਸਗੋਂ ਕਾਨੂੰਨ-ਵਿਵਸਥਾ ਅਤੇ ਵਿਕਾਸ ‘ਤੇ ਕੇਂਦ੍ਰਿਤ ਜ਼ਿੰਮੇਵਾਰ ਸ਼ਾਸਨ ਦੀ ਲੋੜ ਹੈ।



# ਏਅਰਟੈੱਲ ਕੰਪਨੀ ਦੇ ਮੁਲਾਜ਼ਮਾਂ ਨੇ ਹੀ ਕੰਪਨੀ ਦੇ ਟਾਵਰਾਂ ਤੋਂ ਲੱਖਾਂ ਦੇ ਪੁਰਜ਼ੇ ਚੋਰੀ ਕਰਕੇ ਕੌਡੀਆਂ ਦੇ ਭਾਅ ਕਬਾੜੀਆਂ ਨੂੰ ਵੇਚ

## ਪੁਲਿਸ ਵੱਲੋਂ 6 ਮੈਂਬਰੀ ਚੋਰ ਗਰੋਹ ਚੋਰੀ ਕੀਤੇ ਮਾਲ ਸਣੇ ਕਾਬੂ ਕਰਕੇ ਅਗਲੀ ਕਾਰਵਾਈ ਸ਼ੁਰੂ : ਐਸ ਪੀ ਸਤਪਾਲ ਸ਼ਰਮਾ



**ਮਾਲੇਰਕੋਟਲਾ-(ਕੁਲਵੰਤ ਸਿੰਘ ਮੁਹਾਲੀ)** " ਘਰ ਦਾ ਭੇਤੀ ਲੰਕਾ ਢਾਹੇ " ਦੀ ਕਹਾਵਤ ਉਸ ਵੇਲੇ ਸੱਚ ਸਾਬਤ ਹੋਈ ਜਦੋਂ ਏਅਰਟੈਲ ਕੰਪਨੀ ਵਿੱਚ ਕੰਮ ਕਰਨ ਵਾਲੇ ਮੁਲਾਜ਼ਮਾਂ ਵੱਲੋਂ ਖੁਦ ਹੀ ਏਅਰਟੈਲ ਦੇ ਟਾਵਰਾਂ ਦੇ ਉੱਪਰ ਲੱਗਿਆ ਲੱਖਾਂ ਦਾ ਕੀਮਤੀ ਸਮਾਨ ਚੋਰੀ ਕਰਕੇ ਦਿੱਲੀ ਵਿਖੇ ਕਵਾੜ ਦੀਆਂ ਦੁਕਾਨਾਂ ਉਪਰ ਕੌਡੀਆਂ ਦੇ ਭਾਅ ਵੇਚ ਦਿੱਤਾ ਗਿਆ, ਜਿਨ੍ਹਾਂ ਨੂੰ ਮਾਲੇਰਕੋਟਲਾ ਪੁਲਿਸ ਵੱਲੋਂ ਏਅਰਟੈੱਲ ਕੰਪਨੀ ਵੱਲੋਂ ਕੀਤੀ ਲਿਖਤੀ ਸ਼ਿਕਾਇਤ ਉਪਰ ਕਾਰਵਾਈ ਕਰਦਿਆਂ ਕੰਪਨੀ ਦੇ ਮੁਲਾਜ਼ਮਾਂ ਸਮੇਤ ਕੁੱਲ 6 ਅਰੋਪੀਆਂ ਨੂੰ ਚੋਰੀ ਦੇ ਸਮਾਨ ਸਮੇਤ ਕਾਬੂ ਕੀਤਾ ਹੈ, ਇਸ ਸਬੰਧੀ ਮਲੇਰਕੋਟਲਾ ਦੇ ਜ਼ਿਲ੍ਹਾ ਪੁਲਿਸ ਮੁਖੀ ਸ. ਗਾਗਨਜੀਤ ਸਿੰਘ ਦੇ ਦਫਤਰ ਵਿਖੇ ਐਸ.ਪੀ ਹੈਡਕੁਆਰਟਰ (ਆਈ) ਸ੍ਰੀ ਸੱਤਪਾਲ ਸਰਮਾ ਵੱਲੋਂ ਕੀਤੀ ਗਈ ਪ੍ਰੈਸ ਕਾਨਫਰਸ ਵਿੱਚ ਦੱਸਿਆ ਕਿ ਕੰਪਨੀ ਵੱਲੋਂ ਕੀਤੀ ਸ਼ਿਕਾਇਤ ਦੇ ਅਧਾਰ ਤੇ ਥਾਣਾ ਅਮਰਗੜ੍ਹ ਚ ਮੁਕੱਦਮਾ ਦਰਜ ਕਰਕੇ ਬੜੀ ਡੂੰਘਾਈ ਤੇ ਟੈਕਨੀਕ ਤਰੀਕੇ ਨਾਲ ਕੀਤੀ ਗਈ ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਹ ਜੋ ਚੋਰੀ ਕੀਤੀ ਗਈ ਹੈ, ਅਖਲੇਸ਼ ਉਰਫ ਅਖਿਲ ਪੁੱਤਰ ਬਿਕਰਮ ਕੁਮਾਰ ਅਤੇ ਸਚਿਨ ਪੁੱਤਰ ਸੰਜੇ ਕੁਮਾਰ,ਵਾਸੀ ਪਿੰਡ ਧੰਨਕੋਰ (ਪੰਜੋਖਰਾ) ਜ਼ਿਲ੍ਹਾ ਅੰਬਾਲਾ ਹਰਿਆਣਾ,ਵੱਲੋਂ ਕੀਤੀ ਗਈ ਸੀ, ਇਹਨਾਂ ਦੋਨਾਂ ਨੂੰ ਗ੍ਰਿਫਤਾਰ ਕਰਕੇ ਕੀਤੀ ਪੁਛਗਿਛ ਚ ਦੱਸਿਆ ਕਿ ਸਾਡੇ ਨਾਲ ਇਸ ਚੋਰੀ ਦੇ ਵਿੱਚ ਸ਼ਮਸ਼ੇਰ ਸਿੰਘ ਸ਼ੇਰਾ ਤੇ ਇੱਕ ਪੰਕਜ ਵਾਸੀ ਮਨੀਮਾਜਰਾ ਵੀ ਸ਼ਾਮਿਲ ਸੀ।

ਸ੍ਰੀ ਸਤਪਾਲ ਸ਼ਰਮਾ ਨੇ ਦੱਸਿਆ ਕਿ ਆਖਲੇਸ਼ ਤੇ ਸ਼ਮਸ਼ੇਰ ਸਿੰਘ ਸ਼ੇਰਾ ਇਹ ਦੋਵੇਂ ਜੋ ਆਰ ਐਫ ਨਾਮ ਦੀ ਕੰਪਨੀ ਚ ਕੰਮ ਕਰਦੇ ਹਨ ਅਤੇ ਇਸ ਨਾਲ ਹੀ ਇਹ ਦੋਵੇਂ ਏਅਰਟੈਲ ਕੰਪਨੀ ਦੇ ਸਾਰੇ ਟਾਵਰਾਂ ਦੀ ਅੱਗੇ ਦੇਖਭਾਲ ਕਰਨ ਲਈ ਏਅਰਟੈਲ ਕੰਪਨੀ ਵੱਲੋਂ ਵੈਂਡਰ ਰੱਖੇ ਹੋਏ ਆ। ਇਸੇ ਕੰਪਨੀ ਚ ਕੰਮ ਕਰਨ ਵਾਲਾ ਸ਼ਮਸ਼ੇਰ ਸਿੰਘ ਸ਼ੇਰਾ, ਉਪਰੋਕਤ ਦੋਵਾਂ ਨੂੰ ਬੁਲਾਉਂਦਾ ਸੀ.ਜਿਸ ਤੋਂ ਬਾਅਦ ਅਖਿਲ ਤੇ ਸੱਜਣ ਮੋਟਰਸਾਈਕਲ ਤੇ ਜੀਰਕਪੁਰ ਆ ਜਾਂਦੇ ਸੀ, ਜਿੱਥੇ ਪਹੁੰਚ ਕੇ ਸ਼ਮਸ਼ੇਰ ਸਿੰਘ ਸ਼ੇਰਾ ਤੇ ਇਹਦਾ ਡਰਾਈਵਰ ਪੰਕਜ ਆਪਣੀ ਬੈਲੀਨੋ ਗੱਡੀ ਚ ਬਿਠਾਕੇ ਇਹਨਾਂ ਨੂੰ ਨਾਲ ਲੈ ਕੇ ਰਾਤ ਸਮੇਂ ਇਹ ਸਾਰੇ ਟਾਵਰਾਂ ਤੋਂ ਬੀ.ਟੀ.ਐਸ ਕਾਰਡ(ਜਿਸਦੀ ਕੀਮਤ ਇੱਕ ਲੱਖ ਰੁਪਏ) ਦੇ ਲਗਪਗ ਹੁੰਦੀ ਹੈ,ਜਿਨ੍ਹਾਂ ਨੂੰ ਚੋਰੀ ਕਰਨ ਤੋਂ ਬਾਅਦ ਅਖਿਲ ਹੋਣੀ ਚਲੇ ਜਾਂਦੇ ਸੀ ਅਤੇ ਸ਼ਮਸ਼ੇਰ ਸਿੰਘ ਸ਼ੇਰਾ, ਚੋਰੀ ਕੀਤੇ ਬੀ.ਟੀ.ਐਸ ਕਾਰਡ ਨੂੰ 15 ਤੋਂ 20 ਹਜਾਰ ਪ੍ਰਤੀ ਬੀ.ਟੀ.ਐਸ ਕਾਰਡ ਅੱਗੇ ਸਮੀਰ ਮਲਿਕ ਪੁੱਤਰ ਮੁਸਤਾਕੀਮ ਵਾਸੀ ਪਿੰਡ ਮਲੂਪੁਰ ਮੁਜੱਫਰ ਨਗਰ ਉਤਰ ਪ੍ਰਦੇਸ਼ ਨੂੰ ਵੇਚਦਾ ਹੁੰਦਾ ਸੀ।ਸਮੀਰ ਮਲਿਕ ਇਨ੍ਹਾਂ ਬੀ.ਟੀ.ਐਸ ਕਾਰਡਾਂ ਨੂੰ ਅੱਗੇ ਨਫੀਸ਼ ਅਹਿਮਦ ਪੁੱਤਰ ਖੁਰਸ਼ੀਦ ਅਹਿਮਦ ਵਾਸੀ ਅਹਿਮਦ ਨਗਰ ਮੇਰਠ ਉਤਰ ਪ੍ਰਦੇਸ਼ ਨੂੰ 35-40 ਹਜ਼ਾਰ ਚ ਵੇਚ ਦਿੰਦਾ ਸੀ।

ਐਸ ਪੀ ਸਤਪਾਲ ਸ਼ਰਮਾ ਨੇ ਅੱਗੇ ਦੱਸਿਆ ਕਿ ਆਰੋਪੀ ਨਫੀਸ਼ ਅਹਿਮਦ ਇਸ ਬੀ ਟੀ ਐਸ ਕਾਰਡ ਨੂੰ ਅੱਗੇ ਦਿੱਲੀ ਕਵਾੜੀ ਮਾਰਕੀਟ ਚ 50 ਹਜ਼ਾਰ ਦੇ ਕਰੀਬ ਵੇਚ ਦਿੰਦਾ ਸੀ।ਉਨ੍ਹਾਂ ਕਿਹਾ ਕਿ ਮਾਲੇਰਕੋਟਲਾ ਪੁਲਿਸ ਵੱਲੋਂ ਇਨ੍ਹਾਂ ਸਾਰੇ ਅਰੋਪੀਆਂ ਚੋਂ ਅਸੀਂ ਸਚਿਨ, ਸ਼ਮਸ਼ੇਰ ਸਿੰਘ ਸ਼ੇਰਾ, ਪੰਕਜ, ਸਮੀਰ ਤੇ ਨਾਫ਼ੀਸ ਨੂੰ ਗ੍ਰਿਫਤਾਰ ਕੀਤਾ ਜਾ ਚੱਕਿਆ ਹੈ, ਜਿਨ੍ਹਾਂ ਪੁੱਛਗਿੱਛ ਦੌਰਾਨ ਮੰਨਿਆ ਕਿ ਇਨ੍ਹਾਂ ਵੱਲੋਂ ਇੱਕ ਸਾਲ ਵਿੱਚ ਕਰੀਬ 60 ਤੋਂ 70 ਅਜਿਹੀਆਂ ਵਾਰਦਾਤਾਂ ਕੀਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਅਰੋਪੀਆਂ ਵੱਲੋਂ ਹੁਣ ਤੱਕ ਸੰਗਰੂਰ-ਪਟਿਆਲਾ-ਫਤਿਹਗੜ੍ਹ ਸਾਹਿਬ-ਮਲੇਰਕੋਟਲਾ-ਰੋਪੜ ਅਤੇ ਚੰਡੀਗੜ੍ਹ ਦੇ ਨੇੜਲੇ ਜ਼ਿਲ੍ਹਿਆਂ ਅੰਦਰ ਅਜਿਹੀਆਂ ਵਾਰਦਾਤਾਂ ਕੀਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਇਹਨਾਂ ਸਾਰੇ ਅਰੋਪੀਆਂ ਨੂੰ ਮਾਨਯੋਗ ਅਦਾਲਤ ਚ ਪੇਸ਼ ਕਰਕੇ ਇਹਨਾਂ ਦਾ ਪੁਲਿਸ ਰਿਮਾਂਡ ਲੈ ਕੇ ਹੋਰ ਡੂੰਘਾਈ ਨਾਲ ਪੁੱਛਗਿਛ ਕੀਤੀ ਜਾਊਗੀ, ਜਿਨ੍ਹਾਂ ਕੋਲੋਂ ਹੋਰ ਵੀ ਵਧੇਰੇ ਖੁਲਾਸੇ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ। ਇਸ ਮੌਕੇ ਇਨ੍ਹਾਂ ਦੇ ਨਾਲ ਡੀ.ਐਸ.ਪੀ (ਆਈ) ਸ਼੍ਰੀ ਸਤੀਸ਼ ਕੁਮਾਰ, ਇੰਸਪੈਕਟਰ ਹਰਜਿੰਦਰ ਸਿੰਘ ਇੰਚਾਰਜ ਸੀ ਆਈ ਏ ਸਟਾਫ, ਇੰਸਪੈਕਟਰ ਮਨਜੋਤ ਸਿੰਘ ਇੰਚਾਰਜ ਸਾਈਬਰਸੈੱਲ ਵੀ ਹਾਜ਼ਰ ਸਨ।

# ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੁਨੀਆ ਦੇ ਇੱਕ ਮਹਾਂਨ ਕ੍ਰਾਂਤੀਕਾਰੀ ਸੰਤ ਹੋਏ ਜਿਨ੍ਹਾਂ ਨੇ ਕੌਮ ਦੀਆਂ ਭਟਕਦੀਆਂ ਹੋਈਆਂ ਦੁਖੀ ਰੂਹਾਂ, ਮਾਨਵਤਾ ਨੂੰ ਉੱਚਾ ਚੁੱਕਣ ਅਤੇ ਪਰਮਾਤਮਾ ਨਾਲ ਜੋੜਨ ਦਾ ਮਹਾਨ ਕਾਰਜ ਕੀਤਾ : ਜਰਨੈਲ ਬੰਗਾ ਟੋਰਾਂਟੋ, ਕੈਨੇਡਾ



**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾ ਅਵਤਾਰ ਦਿਵਸ ਪਿੰਡ ਲੰਗੜੋਆ ਵਿਖੇ ਸ਼੍ਰੀ ਗੁਰੂ ਰਵਿਦਾਸ ਨੌਜਵਾਨ ਸਭਾ (ਰਜਿ:) ਬੀਤੇ ਦਿਨ 1 ਫਰਵਰੀ 2026 ਨੂੰ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ ਜਿਸ ਦੌਰਾਨ ਸਮੂਹ ਭਾਈਚਾਰੇ ਅਤੇ ਐਨ ਆਰ ਆਈਜ਼ ਦੇ ਸਹਿਯੋਗ ਨਾਲ ਮਿਤੀ 31 ਜਨਵਰੀ 2026 ਨੂੰ ਪੰਜ ਪਿਆਰਿਆਂ ਅਗਵਾਈ ਵਿੱਚ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਸਮੂਹ ਭਾਈਚਾਰੇ ਅਤੇ ਪਿੰਡ ਵਾਸੀਆਂ ਨੇ ਵੱਧ ਚੜ੍ਹ ਕੇ ਸ਼ਰਧਾ ਨਾਲ ਸ਼ਿਰਕਤ ਕੀਤੀ ਅਤੇ ਗੁਰੂ ਰਵਿਦਾਸ ਜੀ ਮਹਾਰਾਜ ਨਾਮ ਲੇਵਾ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ ਅਥਾਹ ਪਿਆਰ ਅਤੇ ਸਤਿਕਾਰ ਨਾਲ ਨਗਰ ਕੀਰਤਨ ਦੀ ਸ਼ੋਭਾ ਵਧਾਈ। ਮਿਤੀ ਇੱਕ ਫਰਵਰੀ ਨੂੰ ਅਵਤਾਰ ਦਿਵਸ ਸਬੰਧੀ ਗੁਰਦਵਾਰਾ ਸਾਹਿਬ ਵਿੱਚ ਸਹਿਜ ਪਾਠ ਦੇ ਭੋਗ ਪਾਏ ਗਏ ਕੀਰਤਨੀ ਜੱਥੇ ਵਲੋ ਗੁਰੂ ਮਹਾਰਾਜ ਜੀ ਦੀ ਬਾਣੀ ਦੀ ਵਿਆਖਿਆ ਕਰਕੇ ਸੰਗਤ ਨੂੰ ਇਤਹਾਸ ਨਾਲ ਜੋੜਿਆ ਗਿਆ, ਉਪਰੰਤ ਅਰਦਾਸ ਹੋਈ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਜ਼ਿਕਰ ਕਰਦਿਆਂ ਸਰਦਾਰ ਜਰਨੈਲ ਬੰਗਾ ਐਨ ਆਰ ਆਈ , ਟੋਰੰਟੋ, ਕੈਨੇਡਾ ਨੇ ਕਿਹਾ ਕਿ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੁਨੀਆ ਦੇ ਇੱਕ ਮਹਾਂਨ ਕ੍ਰਾਂਤੀਕਾਰੀ ਸੰਤ ਹੋਏ ਜਿਨ੍ਹਾਂ ਨੇ ਕੌਮ ਦੀਆਂ ਭਟਕਦੀਆਂ ਹੋਈਆਂ ਦੁਖੀ ਰੂਹਾਂ, ਦੱਬੇ ਕੁੱਚਲੇ ਲੋਕਾਂ ਦੀ ਭਲਾਈ, ਮਾਨਵਤਾ ਨੂੰ ਉੱਚਾ ਚੁੱਕਣ ਅਤੇ ਸੇਵਾ ਸਿਮਰਨ ਸਤਸੰਗ ਕਰਨ ਦੀ ਪ੍ਰੇਰਨਾ ਦਿੱਤੀ, ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਮਹਾਰਾਜ ਨੇ ਮਾਨਵਤਾ ਨੂੰ ਸਹਿਣਸ਼ੀਲਤਾ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਦੀ ਮਹਾਨ ਸਿੱਖਿਆ ਦਿੱਤੀ। ਸਰਦਾਰ ਬੰਗਾ ਨੇ ਕਿਹਾ ਕਿ ਗੁਰੂ ਜੀ ਨੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ, ਜਾਤ ਪਾਤ ਦੇ ਖਾਤਮੇ ਲਈ ਅਤੇ ਸਮਾਜ ਨੂੰ ਇੱਕ ਵਿਲੱਖਣ ਸੇਧ ਦੇਣ ਦੀ ਦਿਸ਼ਾ ਵਿੱਚ ਅਹਿਮ ਯੋਗਦਾਨ ਪਾਇਆ। ਸਰਦਾਰ ਬੰਗਾ ਨੇ ਸਮੂਹ ਭਾਈਚਾਰੇ ਨੂੰ ਅਪੀਲ ਕੀਤੀ ਕਿ ਸਾਨੂੰ ਸਾਰੀਆਂ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੱਸੇ ਹੋਏ ਮਾਰਗ ਤੇ ਚੱਲ ਕਿ ਜਿੱਥੇ ਆਪਣਾ ਖੁੱਦ ਦ ਜੀਵਨ ਸਫਲ ਕਰਨਾ ਹੈ ਉਥੇ ਅਸੀ ਸਮਾਜ ਨੂੰ, ਦੇਸ਼ ਨੂੰ ਵੀ ਇੱਕ ਚੰਗੇ ਨਾਗਰਿਕ ਹੋਣ ਦਾ ਸਬੂਤ ਦੇਣਾ ਹੈ। ਇਸ ਮੌਕੇ ਤੇ ਸਭਾ ਦੇ ਸਮੂਹ ਨੌਜਵਾਨ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਗੁਰੂ ਮਹਾਰਾਜ ਜੀ ਦੇ ਦਰਬਾਰ ਵਿੱਚ ਮੱਥਾ ਟੇਕ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।

# ਬੁੱਲ੍ਹੇ ਨੂੰ

ਸੁਣ ਵੇ ਬਾਬਾ ਅਹੰ ਆਸਾਡਾ
ਬੰਨ - ਬੰਨ ਤੁਰਦਾ ਗੱਠਾਂ
ਜਾਣੀ, ਸੱਚ ਫ਼ਨਾਹ ਕਰ ਬੈਠਾ
ਭੰਨ - ਭੰਨ ਤੇਰੀਆਂ ਮੱਠਾਂ

ਮੂਰਖ ਮੱਤ ਨੂੰ ਕਿਹੜਾ ਵਰਜ਼ੇ
ਕਿਹੜਾ ਸੰਗਲ ਪਾਵੇ
ਆਪਾ ਕੂੜ, ਮਲੀਨ, ਬਦਖ਼ਸਲਤ
ਉੱਤੋਂ ਚੜ੍ਹ - ਚੜ੍ਹ ਆਵੇ

ਨਾ ਅੱਲਾ, ਨਾ ਰਾਮ ਅਸਾਡਾ
ਹਾਕਮ ਤਾਨਾਸ਼ਾਹੀ
ਕਾਣੀ ਵੰਡ, ਵੰਡ ਹਿੱਸੇ ਪਾਉਂਦਾ
ਜੁਗਤਾਂ ਧੱਕੇਸ਼ਾਹੀ

ਬਾਬਾ ਵੇ ਸੁਣ ਇਲਮ ਤੇਰੇ ਦੀਆਂ
ਅਸੀਂ ਕੀ ਜਾਣੀਏ ਰਮਝਾਂ
ਸਮਝ, ਨਾਸਮਝ, ਮੂੜ੍ਹਮੱਤ ਸਾਡੀ
ਆਣ ਨਾ ਦੇਂਦੀ ਸਮਝਾਂ

ਛੱਵੀਆਂ, ਤਵੀਆਂ, ਅਰਪਣ, ਮੌਲਾ
ਸਾਡੇ ਰਾਸ ਨਾ ਆਵਣ
ਕੌਣ ਜਗਾਵੇ, ਦੇਵੇ ਹੋਕਾ
ਰਾਖੇ ਬਾੜ ਪਈ ਖ਼ਾਵਣ



**ਦੀਪ ਸੰਧੂ**
**+61 459 966 392**

# ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ

**ਫਿਲੌਰ/ਅੱਪਰਾ (ਦੀਪਾ)**-- ਪਿੰਡ ਦੁਸਾਂਝ ਕਲਾਂ ਵਿਖੇ ਧੰਨ ਧੰਨ ਸਤਿਗੁਰੂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਪੰਜ ਪਿਆਰਿਆਂ ਦੀ ਯੋਗ ਅਗਵਾਈ ਵਿੱਚ ਗੁਰੂਦੁਆਰਾ ਸ਼੍ਰੀ ਗੁਰੂ ਰਵਿਦਾਸ ਮਾਤਾ ਕਲਸਾ ਦਰਵਾਜ਼ਾ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀਆਂ ਤੇ ਐਨ. ਆਰ. ਆਈ. ਆਈਜ਼ ਵੀਰਾਂ ਦੇ ਸਹਿਯੋਗ ਨਾਲ ਸਜਾਇਆ ਗਿਆ। ਇਹ ਨਗਰ ਕੀਰਤਨ ਪਿੰਡ ਦੇ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ।


ਇਸ ਨਗਰ ਕੀਰਤਨ ਦੁਰਾਨ ਇੰਟਰਨੈਸ਼ਨਲ ਗੋਲਡ ਮੈਡਲ ਪੰਥਕ ਢਾਡੀ ਜੱਥਾ ਅਮ੍ਰਿਤਦੀਪ ਸਿੰਘ ਸੇਵਕ ਨੇ ਆਇਆ ਸੰਗਤਾਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਦੇ ਇਤਿਹਾਸ ਨਾਲ ਜੋੜਿਆ। ਇਸ ਸੰਗਤਾਂ ਵੱਲੋਂ ਥਾਂ-ਥਾਂ ਤੇ ਫਲ-ਫਰੂਟ ਅਤੇ ਚਾਹ ਪਕੌੜਿਆਂ ਦੇ



ਲੰਗਰ ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ ਪ੍ਰਧਾਨ ਰਜਿੰਦਰਪਾਲ ਬਿੱਟਾ, ਵਾਇਸ ਪ੍ਰਧਾਨ ਸਤਪਾਲ ਚੰਦੜ੍ਹ, ਸਕੱਤਰ ਮਨੋਹਰ ਲਾਲ, ਖ਼ਜ਼ਾਨਚੀ ਸੋਮ ਨਾਥ, ਸਹਾਇਕ ਖ਼ਜ਼ਾਨਚੀ ਸੁਰਜੀਤ ਪਾਲ, ਜਸਪਾਲ ਭੁੱਟਾ, ਸੁਰਿੰਦਰਪਾਲ ਛਿੰਦੀ, ਡਾ.ਓਮ ਪ੍ਰਕਾਸ਼, ਮੱਖਣ ਰਾਮ, ਸਤਪਾਲ ਸੱਤੀ, ਸਰਪੰਚ ਨਿਰਮਲ ਕੁਮਾਰ ਨਵੀਂ, ਹੈਂਡ ਗ੍ਰੰਥੀ ਮੱਖਣ ਸਿੰਘ ਤੋਂ ਇਲਾਵਾਂ ਸੰਗਤਾਂ ਭਾਰੀ ਗਿਣਤੀ ਵਿੱਚ ਆਦਿ ਹਾਜ਼ਰ। ਪ੍ਰਬੰਧਕ ਕਮੇਟੀ ਵੱਲੋਂ ਦਿੱਤੇ ਸਹਿਯੋਗ ਲਈ ਤਹਿਦਿਲੋਂ ਧੰਨਵਾਦ ਕੀਤਾ ਅਤੇ ਸਹਿਯੋਗੀ ਸੱਜਣਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਮਨੋਹਰ ਲਾਲ ਨੇ ਬਾਖੂਬੀ ਨਿਭਾਈ।

# ਬਰੈਪਟਨ ਚ ਗਣਤੰਤਰ ਦਿਵਸ ਨੂੰ ਸਮਰਪਿਤ ਸਮਾਗਮ ਆਯੋਜਤ

## ਹਿਮਕੈਨ ਨੂੰ "ਸਰਵੋਤਮ ਝਾਂਕੀ" ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ






**ਹਿਮਾਚਲੀ ਭਾਈਚਾਰੇ ਦੇ ਲੋਕਾਂ ਵੱਲੋਂ ਬਰੈਮਟਨ ਵਿੱਚ ਆਯੋਜਿਤ ਸਮਾਗਮ ਦੀਆਂ ਵੱਖ ਵੱਖ ਤਸਵੀਰਾਂ।**

**ਵੈਨਕੂਵਰ, (ਮਲਕੀਤ ਸਿੰਘ )**-ਇੰਡੀਆ ਪੈਨੋਰਮਾ ਦੇ ਪ੍ਰਬੰਧਾ ਹੇਠ ਸਥਾਨਕ ਹਿਮਾਚਲੀ ਭਾਈਚਾਰੇ ਦੇ ਸਾਂਝੇ ਉਦਮ ਸਦਕਾ ਪੀਅਰਸਨ ਕਨਵੈਂਸ਼ਨ ਸੈਂਟਰ, ਬਰੈਂਪਟਨ ਵਿੱਚ ਭਾਰਤ ਦੇ ਗਣਤੰਤਰ ਦਿਵਸ ਨੂੰ ਸਮਰਪਿਤ ਇੱਕ ਭਵਜ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਭਾਰਤੀ ਭਾਈਚਾਰੇ ਨਾਲ ਸੰਬੰਧਿਤ ਵੱਡੀ ਗਿਣਤੀ ਦੇ ਵਿੱਚ ਲੋਕ ਸ਼ਾਮਿਲ ਹੋਏ ਇਸ ਮੌਕੇ ਭਾਰਤ ਦੇ ਕਾਰਜਕਾਰੀ ਰਾਜਦੂਤ ਸ੍ਰੀ ਕਪਿਧਵਜ ਪ੍ਰਤਾਪ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮਾਗਮ ਦੌਰਾਨ ਹਿਮਕੈਨ ਕਲਚਰ ਐਸੋਸੀਏਸ਼ਨ ਆਫ ਹਿਮਾ-ਚਲ ਪ੍ਰਦੇਸ਼ ਨੂੰ ਅਗਸਤ 2025 ਵਿੱਚ ਹੋਈ ਇੰਡੀਆ ਡੇ ਪਰੇਡ ਦੌਰਾਨ ਕੀਤੀ ਗਈ ਸ਼ਾਨਦਾਰ ਸੱਭਿਆਚਾਰਕ ਪ੍ਰਸਤੁਤੀ ਲਈ "ਸਰਵੋਤਮ ਝਾਂਕੀ" ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਹ ਮਾਣਯੋਗ ਪੁਰਸਕਾਰ ਭਾਰਤ ਦੇ ਕਾਰਜਕਾਰੀ ਰਾਜਦੂਤ ਸ੍ਰੀ ਕਪਿਧਵਜ ਪ੍ਰਤਾਪ ਸਿੰਘ ਵੱਲੋਂ ਪ੍ਰਦਾਨ ਕੀਤਾ ਗਿਆ। ਇਹ ਉਪਲਬਧੀ ਨਾ ਸਿਰਫ ਹਿਮਕੈਨ ਸੰਸਥਾ ਲਈ, ਸਗੋਂ ਪੂਰੇ ਹਿਮਾਚਲੀ ਭਾਈਚਾਰੇ ਲਈ ਵੀ ਮਾਣ ਦੀ ਗੱਲ ਮੰਨੀ ਜਾ ਰਹੀ ਹੈ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਿਮਕੈਨ ਦੇ ਪ੍ਰਧਾਨ ਸ੍ਰੀ ਦਲੀਪ ਕੁਮਾਰ ਨੇ ਕਿਹਾ ਕਿ ਇਹ ਸਨਮਾਨ ਸੰਸਥਾ ਦੀ ਪੂਰੀ ਟੀਮ ਦੇ ਸਾਂਝੇ ਯਤਨਾਂ, ਸਮਰਪਣ ਅਤੇ ਅਣਥੱਕ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਹਿਮਕੈਨ ਸੰਸਥਾ ਹਿਮਾਚਲ ਭਾਈਚਾਰੇ ਦੇ ਸਮਾਜਿਕ ਅਤੇ ਸੱਭਿਆਚਾਰਕ ਕਲਿਆਣ ਲਈ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਕੰਮ ਕਰਦੀ ਆ ਰਹੀ ਹੈ ਅਤੇ ਭਵਿੱਖ ਵਿੱਚ ਵੀ ਕਰਦੀ ਰਹੇਗੀ ਅਤੇ ਪਹਿਲਾਂ ਵਾਂਗ ਹਿਮਾਚਲ ਦੀ ਮਹਾਨ ਸੰਸਕ੍ਰਿਤੀ, ਪਰੰਪਰਾਵਾਂ ਅਤੇ ਵਿਰਾਸਤ ਨੂੰ ਅੰਤਰਰਾਸ਼ਟਰੀ ਮੰਚ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਰਹੇਗੀ। ਸ੍ਰੀ ਦਲੀਪ ਕੁਮਾਰ ਨੇ ਇਸ ਕਾਮਯਾਬੀ ਦਾ ਸਿਹਰਾ ਦਾ ਹਿਮਕੈਨ ਦੀ ਸਮੁੱਚੀ ਟੀਮ ਨੂੰ ਦਿੰਦਿਆਂ ਸਾਰੇ ਮੈਂਬਰਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਹੋਰਨਾ ਤੋਂ ਇਲਾਵਾ ਇਸ ਮੌਕੇ ਤੇ ਸ਼ੇਖਰ ਚੌਹਾਨ, ਰਾਜ ਪਾਲ, ਜ਼ੀਨਤ ਸਿੰਘ, ਨਵੀਂਨ ਨੇਕ, ਅੰਜਲੀਨਾ ਗੁਪਤਾ, ਮੋਨਾ ਸ਼ਰਮਾ, ਯਸ਼ ਰਾਣੀ, ਗੌਰੀ ਵਰਮਾ, ਸਾਗਰ ਜਸਵਾਲ, ਨਵਨੀਤ, ਪਾਰਸ, ਸੁਨੀਲ ਠਾਕੁਰ ਅਤੇ ਨਿਪੁਣ ਸ਼ਾਮਲ ਹਨ। ਅਖੀਰ ਵਿੱਚ ਉਹਨਾਂ ਇਹ ਵੀ ਦੱਸਿਆ ਕਿ ਹਿਮਕੈਨ ਸੰਸਥਾ ਵੱਲੋਂ 18 ਅਪ੍ਰੈਲ ਨੂੰ ਕਨੇਡਾ ਦੇ ਮਹਾਨਗਰ ਬਰੈਂਪਟਨ ਵਿੱਚ ਹਿਮਾ-ਚਲ ਦਿਵਸ ਦਾ ਭਵਜ ਆਯੋਜਨ ਵੱਡੀ ਪੱਧਰ ਤੇ ਕੀਤਾ ਜਾਵੇਗਾ। ਇਸ ਮੌਕੇ ਹਿਮਾਚਲ ਪ੍ਰਦੇਸ਼ ਦੇ ਪਰੰਪਰਾਗਤ ਲੋਕ-ਨ੍ਰਿਤ ਅਤੇ ਸੰਗੀਤ, ਪ੍ਰਸਿੱਧ ਹਿਮਾਚਲੀ ਵਿਅੰਜਨਾਂ ਦੇ ਸਟਾਲ, ਸੱਭਿਆਚਾਰਕ ਪ੍ਰਦਰਸ਼ਨੀਆਂ ਅਤੇ ਵਿਸ਼ੇਸ਼ ਮਹਿਮਾਨਾਂ ਦੀ ਗੌਰਵਮਈ ਹਾਜ਼ਰੀ ਸਮਾਗਮ ਨੂੰ ਹੋਰ ਵੀ ਆਕਰਸ਼ਕ ਅਤੇ ਯਾਦਗਾਰ ਬਣਾਏਗੀ।

# ਸੜਕ ਹਾਦਸੇ ਵਿੱਚ ਤਿੰਨ ਹਾਕੀ ਖਿਡਾਰੀਆਂ ਦੀ ਮੌਤ -ਖੇਡ ਜਗਤ ਚ ਸੋਗ ਦੀ ਲਹਿਰ

**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਦੇ ਸੂਬੇ ਅਲਬਰਟਾ ਵਿੱਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਨੇ ਪੂਰੇ ਹਾਕੀ ਭਾਈਚਾਰੇ ਨੂੰ ਗਹਿਰੇ ਸੋਗ ਵਿੱਚ ਡੁੱਬੋ ਦਿੱਤਾ ਹੈ। ਇਸ ਹਾਦਸੇ ਵਿੱਚ ਤਿੰਨ ਨੌਜਵਾਨ ਜੂਨੀਅਰ ਹਾਕੀ ਖਿਡਾਰੀਆਂ ਦੀ ਦਰਦਨਾਕ ਮੌਤ ਹੋ ਜਾਣ ਦੀ ਦੁਖਦਾਈ ਸੂਚਨਾ ਹੈ ਜਿਸ ਕਾਰਨ ਖੇਡ ਜਗਤ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਮ੍ਰਿਤਕ ਖਿਡਾਰੀ ਅਲਬਰਟਾ ਦੀ ਇੱਕ ਜੂਨੀਅਰ ਹਾਕੀ ਟੀਮ ਨਾਲ ਸਬੰਧਿਤ ਸਨ ਅਤੇ ਭਵਿੱਖ ਦੇ ਉਭਰਦੇ ਸਿਤਾਰੇ ਮੰਨੇ ਜਾਂਦੇ ਸਨ। ਹਾਦਸਾ ਉਸ ਸਮੇਂ ਵਾਪਰਿਆ ਜਦੋਂ ਉਹ ਸੜਕ ਰਾਹੀਂ ਯਾਤਰਾ ਕਰ ਰਹੇ ਸਨ। ਪੁਲਿਸ ਅਨੁਸਾਰ ਹਾਦਸੇ ਦੇ ਕਾਰਨਾਂ ਦੀ ਜਾਂਚ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾ ਰਹੀ ਹੈ। ਹਾਕੀ ਸੰਸਥਾਵਾਂ, ਖਿਡਾਰੀਆਂ, ਕੋਚਾਂ ਅਤੇ ਪ੍ਰਸ਼ੰਸਕਾਂ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਕਈ ਹਾਕੀ ਕਲੱਬਾਂ ਨੇ ਇਸ ਦੁੱਖਦਾਈ ਘਟਨਾ ਨੂੰ "ਹਾਕੀ ਪਰਿਵਾਰ ਲਈ ਦਿਲ ਤੋੜਨ ਵਾਲਾ ਦਿਨ" ਕਰਾਰ ਦਿੱਤਾ ਹੈ। ਸੂਬੇ ਭਰ ਵਿੱਚ ਮ੍ਰਿਤਕ ਖਿਡਾਰੀਆਂ ਦੀ ਯਾਦ ਵਿੱਚ ਸਮਾਗਮ ਅਤੇ ਮੌਨ ਧਾਰਨ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

## ਵਿਆਹ ਸਮਾਰੋਹਾਂ ਵਿੱਚ ਹਥਿਆਰਾਂ ਦੀ ਨੁਮਾਇਸ਼: ਇੱਕ ਚਿੰਤਾਜਨਕ ਰੁਝਾਨ

ਵਿਆਹ ਜੀਵਨ ਦੇ ਸਭ ਤੋਂ ਖੁਸ਼ੀ ਭਰੇ ਅਤੇ ਪਵਿੱਤਰ ਸਮਾਰੋਹਾਂ ਵਿੱਚੋਂ ਇੱਕ ਹੁੰਦਾ ਹੈ। ਇਹ ਉਹ ਦਿਨ ਹੁੰਦਾ ਹੈ ਜਦੋਂ ਦੋ ਪਰਿਵਾਰ ਆਪਸੀ ਸਾਂਝ ਨਾਲ ਇੱਕ ਨਵੀਂ ਸ਼ੁਰੂਆਤ ਕਰਦੇ ਹਨ। ਘਰਾਂ ਵਿੱਚ ਖੁਸ਼ੀ, ਉਤਸ਼ਾਹ ਅਤੇ ਉਮੀਦਾਂ ਦਾ ਮਾਹੌਲ ਬਣਦਾ ਹੈ। ਹਰ ਕੋਈ ਚਾਹੁੰਦਾ ਹੈ ਕਿ ਇਹ ਪਲ ਸੁਹਾਵਣੇ ਯਾਦਾਂ ਵਿੱਚ ਬਦਲਣ। ਪਰ ਅਫ਼ਸੋਸ ਦੀ ਗੱਲ ਹੈ ਕਿ ਕੁਝ ਗਲਤ ਰੁਝਾਨ ਇਨ੍ਹਾਂ ਖੁਸ਼ੀਆਂ ਨੂੰ ਖਤਰੇ ਵਿੱਚ ਪਾ ਰਹੇ ਹਨ। ਅੱਜਕੱਲ੍ਹ ਕਈ ਵਿਆਹ ਸਮਾਗਮਾਂ ਵਿੱਚ ਹਥਿਆਰ ਲਿਜਾਣਾ ਅਤੇ ਹਵਾਈ ਫ਼ਾਇਰਿੰਗ ਕਰਨਾ ਇੱਕ ਗਲਤ ਰਵਾਇਤ ਬਣਦੀ ਜਾ ਰਹੀ ਹੈ। ਕੁਝ ਲੋਕ ਇਸਨੂੰ ਸ਼ਾਨ ਜਾਂ ਰੁਤਬੇ ਦੀ ਨਿਸ਼ਾਨੀ ਸਮਝਦੇ ਹਨ, ਪਰ ਅਸਲ ਵਿੱਚ ਇਹ ਬੇਹੱਦ ਖਤਰਨਾਕ ਅਤੇ ਗ਼ੈਰ-ਜ਼ਿੰਮੇਵਾਰੀ ਵਾਲਾ ਵਿਵਹਾਰ ਹੈ। ਇੱਕ ਛੋਟੀ ਜਿਹੀ ਲਾਪਰਵਾਹੀ ਕਿਸੇ ਨਿਰਦੋਸ਼ ਦੀ ਜਾਨ ਵੀ ਲੈ ਸਕਦੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਅਜਿਹੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ, ਜਿੱਥੇ ਵਿਆਹ ਸਮਾਰੋਹ ਦੌਰਾਨ ਚਲਾਈ ਗਈ ਗੋਲੀ ਨਾਲ ਲੋਕ ਜ਼ਖ਼ਮੀ ਹੋਏ ਜਾਂ ਆਪਣੀ ਜਾਨ ਗੁਆ ਬੈਠੇ। ਅਜਿਹੇ ਹਾਦਸੇ ਸਿਰਫ਼ ਇੱਕ ਪਰਿਵਾਰ ਨੂੰ ਨਹੀਂ, ਸਗੋਂ ਕਈ ਘਰਾਂ ਨੂੰ ਅਮਿਟ ਦੁੱਖ ਦੇ ਕੇ ਜਾਂਦੇ ਹਨ। ਖੁਸ਼ੀਆਂ ਦਾ ਮੌਕਾ ਜਦੋਂ ਸਦੀਵੀ ਗ਼ਮ ਵਿੱਚ ਬਦਲ ਜਾਵੇ, ਤਾਂ ਉਹਨਾਂ ਦਾ ਦੁੱਖ ਬਿਆਨ ਤੋਂ ਬਾਹਰ ਹੁੰਦਾ ਹੈ। ਸਮਾਜ ਵਜੋਂ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਵਿਆਹ ਦਿਖਾਵੇ, ਤਾਕਤ ਜਾਂ ਹਥਿਆਰਾਂ ਦੀ ਨੁਮਾਇਸ਼ ਦਾ ਮੰਚ ਨਹੀਂ ਹੁੰਦਾ। ਇਹ ਪਿਆਰ, ਸਾਂਝ ਅਤੇ ਆਪਸੀ ਸਤਿਕਾਰ ਦਾ ਪ੍ਰਤੀਕ ਹੈ। ਪਰਿਵਾਰਕ ਮੈਂਬਰਾਂ, ਦੋਸਤਾਂ ਅਤੇ ਸਮਾਰੋਹਾਂ ਦੇ ਪ੍ਰਬੰਧਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜਿਹੀਆਂ ਖਤਰਨਾਕ ਗਤੀਵਿਧੀਆਂ ਤੋਂ ਸਖ਼ਤੀ ਨਾਲ ਪਰਹੇਜ਼ ਕਰਨ ਅਤੇ ਹੋਰਨਾਂ ਨੂੰ ਵੀ ਰੋਕਣ।


ਜੇ ਅਸੀਂ ਸਾਰੇ ਮਿਲ ਕੇ ਆਪਣੀ ਸੋਚ ਵਿੱਚ ਬਦਲਾਅ ਲਿਆਈਏ ਅਤੇ ਖੁਸ਼ੀ ਦੇ ਮੌਕਿਆਂ ਨੂੰ ਸੁਰੱਖਿਅਤ ਢੰਗ ਨਾਲ ਮਨਾਉਣ ਦਾ ਸੰਦੇਸ਼ ਫੈਲਾਈਏ, ਤਾਂ ਵਿਆਹ ਸਮਾਗਮ ਸੱਚਮੁੱਚ ਖੁਸ਼ਹਾਲ ਅਤੇ ਯਾਦਗਾਰ ਬਣ ਸਕਦੇ ਹਨ। ਖੁਸ਼ੀਆਂ ਦਾ ਦਿਨ ਖੁਸ਼ੀਆਂ ਨਾਲ ਹੀ ਮਨਾਇਆ ਜਾਣਾ ਚਾਹੀਦਾ ਹੈ—ਬਿਨਾਂ ਕਿਸੇ ਖਤਰੇ ਦੇ।



**ਪਵਨ ਕੁਮਾਰ ਅੱਤਰੀ**
**(ਕਪੂਰਥਲਾ)**
**ਮੋਬਾ : 8427791277**

# ਪੰਜਾਬੀ ਕਲਮ ਕੇਂਦਰ' (ਰਜਿ) ਮੌਂਟਰੀਅਲ ਵੱਲੋਂ 'ਪਾਪੂਲਰ ਪੀਜ਼ਾ' ਦੇ ਸਹਿਯੋਗ ਨਾਲ ਕਰਵਾਇਆਂ ਗਿਆ ਸ਼ਾਨਦਾਰ ਸਾਹਿਤਕ ਸਮਾਗਮ....







**ਮੌਂਟਰਿਅਲ ਕਨੇਡਾ (ਅਮਰਜੀਤ ਸਿੰਘ ਜੀਤ)** ਬੀਤੇ ਐਤਵਾਰ ਪੰਜਾਬੀ ਕਲਮ ਕੇਂਦਰ(ਰਜਿ) ਮੌਂਟਰੀਅਲ ਨੇ 'ਪਾਪੂਲਰ ਪੀਜ਼ੇ' ਦੇ ਸਹਿਯੋਗ ਨਾਲ਼ ਇੱਕ ਕਾਵਿ ਸਮਾਗਮ 'ਸ਼ਾਇਰੀ ਵਿਦ ਸਲਾਈਸ' ਆਯੋਜਿਤ ਕੀਤਾ ਗਿਆ, ਜਿਸ ਵਿੱਚ ਮੌਂਟਰੀਅਲ ਦੀਆਂ ਅਦਬੀ ਸ਼ਖ਼ਸੀਅਤਾਂ ਭਰਵੀਂ ਸ਼ਿਰਕਤ ਕੀਤੀ । ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵੱਜੋਂ ਪੰਜਾਬ ਤੋਂ ਆਏ ਉੱਘੇ ਗ਼ਜ਼ਲਗੋ ਅਮਰਜੀਤ ਸਿੰਘ ਜੀਤ ਜੀ ਸ਼ਾਮਿਲ ਹੋਏ। ਕਵਿਤਾ ਸਮਾਗਮ ਸ਼ੁਰੂ ਕਰਨ ਤੋਂ ਪਹਿਲਾਂ 'ਪਾਪੂਲਰ ਪੀਜ਼ਾ' ਪ੍ਰਬੰਧਕਾਂ ਵੱਲੋਂ ਕਵਿਤਾ ਦਾ ਆਨੰਦ ਮਾਨਣ ਆਏ ਸਰੋਤਿਆਂ ਦੀ ਟਹਿਲ ਸੇਵਾ ਪੀਜ਼ਾ,ਮਠਿਆਈ ਤੇ ਚਾਹ ਪਾਣੀ ਨਾਲ਼ ਬੜੇ ਸੁਚੱਜੇ ਢੰਗ ਨਾਲ਼ ਕੀਤੀ ਗਈ । ਦੀਪਇੰਦਰ ਸਿੰਘ ਸਿੱਧੂ ਜੋ ਕਿ 'ਪਾਪੂਲਰ ਪੀਜ਼ਾ'ਦੇ ਆਨਰ ਹਨ ਖੁਦ ਇਕ ਨਾਮਵਰ ਅਦਬੀ ਸ਼ਖ਼ਸੀਅਤ ਵੀ ਹਨ। ਅੱਜ ਦਾ ਮੰਚ ਸੰਚਾਲਨ ਕਰਨ ਦੀ ਜ਼ਿੰਮੇਵਾਰੀ ਵੀ ਉਹਨਾਂ ਨੇ ਹੀ ਸੰਭਾਲ਼ੀ। ਸਮਾਗਮ ਚ ਸ਼ਿਰਕਤ ਕਰਨ ਵਾਲੇ ਕਵੀਆਂ ਤੇ ਸਰੋਤਿਆਂ ਦਾ ਸਵਾਗਤ ਕਰਦਿਆਂ ਉਹਨਾਂ ਸਭ ਤੋਂ ਪਹਿਲਾਂ ਸ਼ਾਇਰ ਅਨਿਲ ਭਾਰਦਵਾਜ ਨੂੰ ਸੱਦਾ ਦਿੱਤਾ , ਜਿਹਨਾਂ ਆਪਣੀਆਂ ਹਿੰਦੀ ਕਵਿਤਾਵਾਂ ਪੜ੍ਹ ਕੇ ਰੰਗ ਬੰਨ੍ਹਿਆ ।ਅਗਲੇ ਕਵੀ ਸੁਖਵਿੰਦਰ ਜੂਤਲਾ ਜੀ ਨੇ ਦੋ ਕਵਿਤਾਵਾਂ ਨਾ਼ਲ ਹਾਜ਼ਰੀ ਲਗਵਾਈ।ਕਪਿਲ ਧੀਮਾਨ ਨੇ ਇੱਕ ਕਵਿਤਾ ਸਰੋਤਿਆਂ ਨਾਲ ਸਾਂਝੀ ਕੀਤੀ।ਅਮਨਦੀਪ ਨੇ ਦੋ ਕਵਿਤਾਵਾਂ ਬੜੇ ਸੁਹਜਮਈ ਢੰਗ ਨਾਲ ਪੇਸ਼ ਕੀਤੀਆਂ। ਹੁਣ ਦੀਪਇੰਦਰ ਨੇ ਅੱਜ ਦੇ ਵਿਸ਼ੇਸ਼ ਮਹਿਮਾਨ ਨੂੰ ਬੁਲਾਇਆ, ਅਮਰਜੀਤ ਸਿੰਘ ਜੀਤ ਗ਼ਜ਼ਲਗੋ ਨੇ ਆਪਣੀਆਂ ਗ਼ਜ਼ਲਾਂ ਪੜ੍ਹ ਕੇ ਛਹਿਬਰ ਲਾ ਦਿੱਤੀ ਤੇ ਸਰੋਤਿਆਂ ਦੀ ਭਰਪੂਰ ਵਾਹਵਾ ਖੱਟੀ। ਫਿਰ ਹਰਜਿੰਦਰ ਸਿੰਘ ਪੱਤੜ ਹੁਰਾਂ ਨੇ ਆਪਣੀ ਇੱਕ ਨਵੀਂ ਕਵਿਤਾ ਅਤੇ ਕੁਝ ਛੋਟੀਆਂ ਕਵਿਤਾਵਾਂ ਪੜ੍ਹੀਆਂ। ਹਰਜਿੰਦਰ ਰਾਹੀ ਨੇ ਦੋ ਅਨੂਠੀਆਂ ਨਜ਼ਮਾਂ ਨਾਲ ਸਾਂਝ ਪਾਈ। ਮੋਹਣਪ੍ਰੀਤ ਸਿੰਘ ਪੱਤੜ ਨੇ ਆਪਣੀਆਂ ਚੋਣਵੀਆਂ ਕਵਿਤਾਵਾਂ ਸਰੋਤਿਆਂ ਨੂੰ ਪੜ੍ਹ ਕੇ ਸੁਣਾਈਆਂ। ਦੀਪਇੰਦਰ ਨੇ ਪਾਤਰ ਸਾਬ੍ਹ ਦੀ ਇੱਕ ਗ਼ਜ਼ਲ ਤਰੰਨਮ ਵਿੱਚ ਸੁਣਾਈ ਅਤੇ ਇੱਕ ਆਪਣੀ ਨਜ਼ਮ ਵੱਖਰੇ ਅੰਦਾਜ਼ ਦੀ ਪੜ੍ਹੀ। ਨੌਜਵਾਨ ਕਵੀ ਕਰਨਵੀਰ ਨੇ ਦੋ ਛੋਟੀਆਂ ਕਵਿਤਾਵਾਂ ਪੜ੍ਹ ਕੇ ਸੁਣਾਈਆਂ ਤੇ ਮਨਜੀਤ ਸਿੰਘ ਚਾਤ੍ਰਿਕ ਨੇ ਆਪਣੀ ਦੋ ਕਵਿਤਾਵਾਂ ਆਪਣੇ ਅੰਦਾਜ਼ ਨਾਲ ਅਦਾ ਕੀਤੀਆਂ ਆਖ਼ਰ ਵਿੱਚ ਮੋਹਣਪ੍ਰੀਤ ਸਿੰਘ ਪੱਤੜ ਨੇ ਕੁੱਝ ਧੰਨਵਾਦੀ ਸ਼ਬਦ ਸਰੋਤਿਆਂ ਨਾ਼ਲ ਸਾਂਝੇ ਕੀਤੇ। ਬਹੁਤ ਸੁਚੱਜੇ ਸਰੋਤਿਆਂ ਵਿੱਚ ਕਰਮਿੰਦਰ ਗਿੱਲ, ਹਰਭਜਨ ਸਿੰਘ ਮਣਕੂ, ਲਖਵਿੰਦਰ ਉੱਪਲ਼,ਸੁਖਨਿੰਦਰ ਮੁੱਤੀ, ਗੁਰਬਖਸ਼ ਕੌਰ, ਹਰਦੀਪ ਕੌਰ, ਕੁਲਵੰਤ ਕੌਰ, ਮਨਿੰਦਰ ਸਿੱਧੂ ਅਤੇ ਹੋਰ ਬਹੁਤ ਸਾਰੇ ਸਰੋਤੇ ਉਚੇਚੇ ਤੌਰ ਤੇ ਸ਼ਾਮਲ ਹੋਏ ਸਰੋਤਿਆਂ ਦੇ ਚਿਹਰਿਆਂ ਤੋਂ ਸਮਾਗਮ ਦੀ ਸਫਲਤਾ ਸਾਫ਼ ਦਿਸ ਰਹੀ ਸੀ 'ਪਾਪੂਲਰ ਪੀਜ਼ੇ' ਦੇ ਇਸ ਉੱਦਮ ਦੀ ਪੰਜਾਬੀ ਕਲਮ ਕੇਂਦਰ ਨੇ ਸ਼ਲਾਘਾ ਕੀਤੀ।ਸਮਾਗਮ ਦੇ ਅੰਤ ਵਿਚ ਪੰਜਾਬੀ ਕਲਮ ਕੇਂਦਰ ਮੌਂਟਰੀਅਲ ਦੇ ਮੈਂਬਰਾਂ ਅਤੇ ਪਪੂਲਰ ਪੀਜ਼ੇ ਦੇ ਪ੍ਰਬੰਧਕਾਂ ਵਲੋਂ ਗ਼ਜ਼ਲਗੋ ਅਮਰਜੀਤ ਸਿੰਘ ਜੀਤ ਦਾ ਮੋਹ ਭਿੱਜਿਆ ਸਨਮਾਨ ਕੀਤਾ ਗਿਆ। ਸਮਾਗਮ ਬਿਲਕੁਲ ਸਮੇਂ ਸਿਰ ਮੁਕੰਮਲ ਹੋਇਆ ਤੇ ਸਭ ਨੇ ਦੁਆਰਾ ਮਿਲਣ ਦਾ ਵਾਅਦਾ ਕਰ ਕਰ ਕੇ ਵਿਦਾਇਗੀ ਲਈ।



# ਮਜ਼ਬੂਤ ਇਰਾਦੇ

ਜਿੰਦਗੀ ਇਕ ਬਹੁਤ ਵੱਡਾ ਵਿਸ਼ਾਲ ਸਮੁੰਦਰ ਹੈ,ਕਦੇ ਬਿਲਕੁਲ ਸ਼ਾਂਤ ਅਤੇ ਕਦੇ ਜਿਆਦਾ ਹੀ ਉਥਲ ਪੁੱਥਲ।ਜਦੋਂ ਜਿੰਦਗੀ ਦੇ ਹਾਲਾਤਾਂ ਦੀਆਂ ਲਹਿਰਾਂ ਉਠਦੀਆਂ ਹਨ,ਤਾਂ ਸਾਡੇ ਅੰਦਰ ਛੁਪੇ ਹੋਏ ਡਰ,ਸ਼ੰਕੇ ਅਤੇ ਅਨੇਕਾਂ ਹੀ ਚਿੰਤਾਵਾਂ ਦੀਆਂ ਲਹਿਰਾਂ ਜੱਗਮਗਾ ਉਠਦੀਆਂ ਹਨ।ਇਹੋ ਜਿਹੇ ਸਮੇਂ ਵਿੱਚ ਇਕੋ ਇਕ ਸਰੋਤ ਰਹਿ ਜਾਂਦਾ ਜਿਹੜਾ ਤੁਹਾਨੂੰ ਬਚਾ ਸਕਦਾ ਹੈ ਉਹ ਹੈ ਤੁਹ-ਾਡਾ ਮਨੋਬਲ।ਮਨੋਬਲ ਇਕ ਕਿਸ਼ਤੀ ਵਾਂਗ ਹੁੰਦਾ ਹੈ ਜੋ ਭਿਆਨਕ ਤੁਫਾਨਾਂ ਦੇ ਬਾਵਜੂਦ ਵੀ ਸਾਡੀ ਜਾਨ ਬਚਾਉਦਾ ਹੈ,ਸਾਨੂੰ ਸੰਤੁਲਨ ਰਹਿਣਾ ਸਿਖਾਉਦਾ ਹੈ ਅਤੇ ਕਿਨਾਰੇ ਤੱਕ ਪਹੁੰਚਣ ਦੀ ਸਾਡੀ ਉਮੀਦ ਨੂੰ ਜਗਾਈ ਰੱਖਦਾ ਹੈ।ਸਾਡੇ ਸਰੋਤ ਭਾਵੇ ਸਾਡੇ ਯੋਗ ਨਹੀ ਹੈ,ਹਾਲਾਤ ਸਾਡੇ ਭਾਵੇ ਠੀਕ ਨਹੀ ਹਨ,ਸਾਡਾ ਭਵਿੱਖ ਕਿੰਨਾ ਵੀ ਧੁੰਧਲਾ ਵੀ ਕਿਉ ਨਾ ਹੋਵੇ,ਪਰ ਜੇਕਰ ਤੁਹਾਡਾ ਮਨੋਬਲ ਮਜ਼ਬੂਤ ਹੈ ਤਾਂ ਯਾਤਰਾ ਸਫ਼ਲ ਦੀ ਵੀ ਗਰੰਟੀ ਹੁੰਦੀ ਹੈ।ਮਨੋਬਲ ਕੋਈ ਜਨਮ ਜਾਤ ਤੋਹਫ਼ਾ ਨਹੀ ਹੈ,ਸਗੋਂ ਇਹ ਤਾਂ ਅਨੁਭਵਾਂ,ਵਿਸ਼ਵਾਸ਼ਾਂ ਅਤੇ ਕਦਰਾਂ-ਕੀਮਤਾਂ ਤੋਂ ਬਣੀ ਇਕ ਜੀਵਤ ਸ਼ਕਤੀ ਹੈ।ਇਹ ਆਤਮ-ਵਿਸਵਾਸ਼ ਤੋਂ ਥੋੜਾ ਅਲੱਗ ਜਰੂਰ ਹੈ,ਪਰ ਇਹ ਸਾਡੀ ਡੂੰਘਾਈ ਨਾਲ ਜੁੜਿਆ ਹੋਇਆ ਹੈ। ਆਤਮ ਵਿਸ਼ਵਾਸ਼ ਅਕਸਰ ਪਲ-ਪਲ ਦੀਆਂ ਪ੍ਰਾਪਤੀਆਂ ਦੁਆਰਾ ਬਣਾਇਆ ਗਿਆ ਹੈ,ਜਦੋਂ ਕਿ ਮਨੋਬਲ ਲੰਬੇ ਸਮੇ ਦੇ ਸਬਰ,ਦ੍ਰਿੜਤਾ ਅਤੇ ਉਮੀਦ ਨਾਲ ਬਣਾਇਆ ਜਾਂਦਾ ਹੈ।ਜਦੋਂ ਹਾਰ ਦਾ ਡਰ ਹੁੰਦਾ ਹੈ,ਤਾਂ ਆਤਮ-ਵਿਸਵਾਸ਼ ਥੋੜੀ ਦੇਰ ਲਈ ਡੋਲ ਸਕਦਾ ਹੈ,ਪਰ ਸਾਡਾ ਮਨੋਬਲ ਸਾਡਾ ਹੱਥ ਜਰੂਰ ਫੜਦਾ ਹੈ।ਅੱਜ ਮੁਕਾਬਲੇ ਦੀ ਦੌੜ,ਜਾਣਕਾਰੀ ਦਾ ਨਾ ਹੋਣਾ,ਅਤੇ ਸਮਾਜਿਕ ਤੁਲਨਾ ਨੇ ਸਾਡੇ ਮਨ ਨੂੰ ਅਸਥਿਰ ਬਣਾ ਦਿੱਤਾ ਹੈ।ਅਸਫਲਤਾ ਨੂੰ ਜਿੰਦਗੀ ਵਿੱਚ ਸਵੀਕਾਰ ਕਰਨ ਦੀ ਬਜਾਇ ਇਸ ਨੂੰ ਯਾਤਰਾ ਦਾ ਅੰਤ ਮੰਨਿਆਂ ਜਾਂ ਰਿਹਾ ਹੈ।ਇਸ ਲਈ ਮਨੋਬਲ ਦੀ ਕਿਸ਼ਤੀ ਵਾਰ-ਵਾਰ ਡਗਮਗਾਉਦੀ ਹੈ।ਤੁਫਾਨ ਤਾਂ ਅਟੱਲ ਹੈ ਸਵਾਲ ਇਹ ਹੈ ਕਿ ਸਾਡੇ ਮਨੋਬਲ ਦੀ ਕਿਸ਼ਤੀ ਕਿੰਨੀ ਮਜ਼ਬੂਤ ਹੈ। ਜਿਸ ਵਿਅਕਤੀ ਦੇ ਜੀਵਨ ਵਿੱਚ ਇਕ ਸਪੱਸ਼ਟ ਉਦੇਸ਼ ਹੁੰਦਾ ਹੈ ਉਸ ਦੇ ਲਈ ਵੱਡੀਆਂ ਤੋਂ ਵੱਡੀਆਂ ਮੁਸ਼ਕਲਾਂ ਅਤੇ ਉਸ ਦੇ ਹਾਲਾਤ ਵੀ ਅਰਥਪੂਰਨ ਬਣ ਜਾਦੇ ਹਨ।ਇਕ ਸਹੀ ਉਦੇਸ਼ ਸੰਘਰਸ਼ ਲਈ ਇਕ ਨਿਸ਼ਚਿਤ ਦਿਸ਼ਾਂ ਪ੍ਰਦਾਨ ਕਰਦਾ ਹੈ।ਇਹ ਜਰੂਰੀ ਨਹੀ ਹੈ ਕਿ ਉਹ ਉਦੇਸ਼ ਬਹੁਤ ਮਹਾਨ ਹੀ ਹੋਵੇ।ਇਹ ਇਮਾਨਦਾਰ ਕੰਮ,ਸੇਵਾ ਦੀ ਭਾਵਨਾ,ਜਾਂ ਸਵੈ-ਵਿਕਾਸ ਲਈ ਇਕ ਸੰਕਲਪ ਵੀ ਹੋ ਸਕਦਾ ਹੈ।ਮਨੋਬਲ ਅਚਾਨਕ ਪ੍ਰੇਰਨਾ ਨਾਲ ਨਹੀ,ਸਗੋਂ ਇਕਸਾਰ ਅਤੇ ਸਮੇ ਸਮੇ ਦੇ ਨਾਲ ਕੀਤੇ ਅਭਿਆਸ ਨਾਲ ਹੀ ਮਜ਼ਬੂਤ ਹੁੰਦਾ ਹੈ।ਸਮੇਂ ਸਿਰ ਜਾਗਣਾ,ਟਾਲ ਮਟੋਲ ਦੀ ਨੀਤੀ ਤੋਂ ਪਾਸਾ ਵੱਟਣਾ,ਛੋਟੇ ਟੀਚਿਆਂ ਨੂੰ ਪੂਰਾ ਕਰਨਾ ਇਹ ਸੱਭ ਸਾਡੇ ਮਨ ਦੇ ਅੰਦਰ ਵਿਸ਼ਵਾਸ਼ ਪੈਦਾ ਕਰਦੇ ਹਨ।ਹਰੇਕ ਪੂਰਾ ਕੀਤਾ ਗਿਆ ਛੋਟਾ ਜਿਹਾ ਟੀਚਾ ਮਨੋਬਲ ਨੂੰ ਹੋਰ ਵੀ ਵਧਾਉਦਾ ਹੈ,ਅਤੇ ਹੋਰ ਵੀ ਮਜ਼ਬੂਤ ਕਰਦਾ ਹੈ।ਤੀਸਰਾ ਆਧਾਰ ਹੈ ਸਵੈ-ਗੱਲਬਾਤ,ਅਸੀ ਆਪਣੇ ਆਪ ਨੂੰ ਜੋ ਕਹਿੰਦੇ ਹਾਂ,ਉਹ ਇਕ ਬਹੁਤ ਹੀ ਮਹੱਤਵਪੂਰਨ ਹੈ।ਘਟੀਆ ਸੋਚਾਂ ਵਾਲੀਆਂ ਗੱਲਬਾਤਾਂ ਸਾਡਾ ਮਨੋਬਲ ਅੰਦਰੋਂ ਕਮਜ਼ੋਰ ਕਰਦੀ ਹੈ।ਅਗਾਂਹਵਧੂ ਸੋਚ ਅਤੇ ਆਸ਼ਾਵਾਦੀ ਸੋਚ ਜੋ ਮੁਸ਼ਕਲਾਂ ਨੂੰ ਅਪਣਾਉਦਾ ਹੈ,ਸਾਡੇ ਮਨੋਬਲ ਨੂੰ ਮਜ਼ਬੂਤ ਕਰਦਾ ਹੈ। ਦੁੱਖ ਦੇ ਸਮੇ ਵਿੱਚ,ਦੁੱਖ ਸਾਂਝਾਂ ਕਰਨ ਨਾਲ ਆਦਮੀ ਦਾ ਦੁੱਖ ਅੱਧਾ ਰਹਿ ਜਾਂਦਾ ਹੈ,ਖੁਸ਼ੀ ਵਿੱਚ ਖੁਸ਼ੀ ਸਾਂਝੀ ਕਰਨ ਨਾਲ ਆਦਮੀ ਦੀ ਖੁਸੀ ਦੁੱਗਣੀ ਹੋ ਜਾਂਦੀ ਹੈ।ਸਮਾਜ ਵਿੱਚ ਬੋਲਚਾਲ ਅਤੇ ਹਮਦਰਦੀ ਦੀ ਘਾਟ ਆਦਮੀ ਦੇ ਮਨੋਬਲ ਨੂੰ ਕਮਜ਼ੋਰ ਕਰ ਦਿੰਦੀ ਹੈ,ਇਸ ਲਈ ਰਿਸ਼ਤੇ ਸਿਹਤਮੰਦ ਬਣਾਉਣੇ ਬਹੁਤ ਜਰੂਰੀ ਹਨ।ਸਬਰ ਆਦਮੀ ਨੂੰ ਸਮੇਂ ਦੇ ਨਾਲ ਨਾਲ ਚੱਲਣਾ ਸਿਖਾਉਦਾ ਹੈ।ਬੁਰਾਈਆਂ ਦੇ ਵਿਰੁਧ ਡੱਟ ਕੇ ਖੜਣਾ ਸਿਖਾਉਦਾ ਹੈ।ਸਬਰ ਦਾ ਮਤਲਬ ਇਹ ਨਹੀ ਹੈ ਕਿ ਨਿੱਕੀਆਂ ਗੱਲਾਂ ਤੇ ਭਟਕਣਾ,ਇਸ ਦਾ ਅਰਥ ਹੈ, ਸਹਿਣਸ਼ੀਲਤਾ ਕੋਈ ਕੁਝ ਵੀ ਕਹੀ ਜਾਵੇ ਤੁਸੀ ਆਪਣੇ ਦਿਲ ਨੂੰ ਠੰਢਾ ਰੱਖ ਕੇ ਸੋਚੋ,ਫਿਰ ਆਪਣਾ ਫ਼ੈਸਲਾ ਸੁਣਾਓ।ਜਿਸ ਆਦਮੀ ਵਿੱਚ ਸਬਰ ਸੰਤੋਖ ਹੈ ਉਸ ਆਦਮੀ ਨੂੰ ਸਮਝੋ ਇਹ ਇਕ ਕੁਦਰਤੀ ਗੁਣ ਮਿਲਿਆ ਹੋਇਆ ਹੈ।ਇਹ ਗੁਣ ਆਦਮੀ ਨੂੰ ਥਕਾਵਟ ਦੇ ਸਮੇਂ ਵੀ ਉਤਸ਼ਾਹਤ ਕਰਦਾ ਹੈ ਅਤੇ ਅੱਗੇ ਵੱਲ ਕਦਮ ਵਧਾਉਣ ਲਈ ਸ਼ਕਤੀ ਪ੍ਰਦਾਨ ਕਰਦਾ ਹੈ। ਅਧਿਆਤਮਿਕਤਾ ਵੀ ਆਦਮੀ ਦੇ ਮਨੋਬਲ ਨੂੰ ਉਤਸ਼ਾਹਤ ਕਰਦੀ ਹੈ।ਏਥੇ ਅਧਿਆਤਮਿਕਤਾ ਦਾ ਮਤਲਬ ਕੋਈ ਧਾਰਮਿਕ ਦੇ ਅਰਥਾਂ ਵਿੱਚ ਨਹੀ ਹੈ,ਸਗੋਂ ਜੀਵਨ ਦੇ ਅਰਥ ਦੀ ਇੱਕ ਵਿਆਪਕ ਸਮਝ ਵਜੋਂ ਹੈ।ਜਦੋਂ ਕੋਈ ਵਿਅਕਤੀ ਆਪਣੇ ਜੀਵਨ ਨੂੰ ਇਕ ਵੱਡੇ ਉਦੇਸ਼ ਨਾਲ ਜੋੜਦਾ ਹੈ,ਤਾਂ ਛੋਟੀਆਂ-ਛੋਟੀਆਂ ਮੁਸ਼ਕਲਾਂ ਉਹਨਾਂ ਨੂੰ ਤੋੜ ਨਹੀ ਸਕਦੀਆਂ।ਸਿੱਧਾ ਆਪਣੇ ਉਦੇਸ਼ ਵੱਲ ਦੇਖਣਾ ਮਨੋਬਲ ਦੀ ਦਿਸ਼ਾਂ ਨਿਰਧਾਰਤ ਕਰਦਾ ਹੈ।ਉਦੇਸ਼ ਤੋਂ ਬਿੰਨਾਂ ਮਨੋਬਲ ਅਸਥਾਈ ਹੁੰਦਾ ਹੈ।ਜਦ ਕਿ ਉਦੇਸ਼ ਦੇ ਨਾਲ ਇਹ ਇਕ ਲੰਬੇ ਸਮੇਂ ਦਾ ਰੂਪ ਧਾਰਨ ਕਰਦਾ ਹੈ।ਮਨੋਬਲ ਦੀ ਕਿਸ਼ਤੀ ਦੀ ਗਤੀ ਨੂੰ ਬਣਾਈ ਰੱਖਣ ਲਈ ਸਵੈ-ਸੰਭਾਲ ਬਹੁਤ ਜਰੂਰੀ ਹੈ। ਸਰੀਰਕ ਸਿਹਤ,ਮਾਨਸਿਕ ਸੰਤੁਲਨ,ਢੁੱਕਵਾਂ ਆਰਾਮ,ਅਤੇ ਧਿਆਨ ਇਹ ਸੱਭ ਮਨ ਦੇ ਸਮੁੰਦਰ ਵਿੱਚ ਲਹਿਰਾਂ ਨੂੰ ਸ਼ਾਂਤ ਕਰਦੇ ਹਨ।ਇਹ ਥੱਕਿਆ ਹੋਇਆ ਮਨ ਥੋੜੀ ਜਿਹੀ ਚੁਣੌਤੀ ‘ਤੇ ਘਬਰਾ ਜਾਂਦਾ ਹੈ,ਜਦੋਂ ਕਿ ਇਕ ਸੰਤੁਲਨ ਮਨ ਬਹਾਦਰੀ ਨਾਲ ਸੱਭ ਤੋਂ ਵੱਡੇ ਸੰਕਟ ਦਾ ਵੀ ਸਾਹਮਣਾ ਕਰ ਸਕਦਾ ਹੈ।ਮਨੋਬਲ ਦੀ ਕਿਸ਼ਤੀ ਸਾਨੂੰ ਸਿਖਾਉਦੀ ਹੈ,ਕਿ ਜਦੋਂ ਜਿੰਦਗੀ ਦੇ ਤੂਫ਼ਾਨਾਂ ਤੋਂ ਬਚਣਾ ਅਸੰਭਵ ਹੈ,ਤਾਂ ਉਨਾਂ ਵਿੱਚ ਡੁੱਬਣਾ ਅਟੱਲ ਹੈ।ਮਨੋਬਲ ਸਾਨੂੰ ਡਿੱਗਣ ਤੋਂ ਬਾਅਦ ਉਠਣ ਦੀ ਹਿੰਮਤ ਦਿੰਦਾ ਹੈ,ਅਤੇ ਅਸਫਲਲਤਾ ਤੋਂ ਬਾਅਦ ਵੀ ਨਿਰੰਤਰ ਯਤਨ ਕਰਨ ਲਈ ਪ੍ਰੇਰਿਤ ਕਰਦਾ ਹੈ।ਜਦੋਂ ਮਨੋਬਲ ਸੁਰੱਖਿਅਤ ਅਤੇ ਮਜ਼ਬੂਤ ਹੁੰਦਾ ਹੈ,ਤਾਂ ਭਵਿੱਖ ਸੰਭਾਵਨਾਵਾਂ ਦਾ ਸਮੁੰਦਰ ਬਣ ਜਾਂਦਾ ਹੈ,ਡਰ ਦਾ ਨਹੀ। ਅੱਜ ਦੇ ਮਹੌਲ ਵਿੱਚ ਸਾਨੂੰ ਵਿਅਕਤੀਗਤ,ਸਮਾਜਿਕ ਅਤੇ ਰਾਸ਼ਟਰੀ ਪੱਧਰ ‘ਤੇ ਆਪਣੇ ਮਨੋਬਲ ਨੂੰ ਮਜ਼ਬੂਤ ਕਰਨ ਦੀ ਲੋੜ ਹੈ,ਕਿਉਕਿ ਮਜ਼ਬੂਤ ਮਨੋਬਲ ਉਹ ਨੀਂਹ ਹੈ ਜਿਸ ਤੇ ਇਕ ਖੁਸ਼ਹਾਲ ਸਮਾਜ ਅਤੇ ਇਕ ਮਜ਼ਬੂਤ ਰਾਸ਼ਟਰ ਦਾ ਨਿਰਮਾਣ ਹੁੰਦਾ ਹੈ।ਲਹਿਰਾਂ ਆਉਦੀਆਂ ਰਹਿਣਗੀਆਂ,ਅਤੇ ਸਮੁੰਦਰ ਉਛਲਦਾ ਰਹੇਗਾ,ਪਰ ਜੇਕਰ ਮਨੋਬਲ ਮਜ਼ਬੂਤ ਹੈ ਤਾਂ ਯਾਤਰਾ ਬਿੰਨਾਂ ਕਿਸੇ ਰੁਕਾਵਟ ਦੇ ਪੂਰੀ ਹੋ ਜਾਵੇਗੀ।



**ਅਮਰਜੀਤ ਚੰਦਰ**

# ਸਹਿਤਕਾਰ ਦਿਲਪ੍ਰੀਤ ਕੌਰ ਗੁਰੀ ਦੇ ਜਨਮ ਦਿਨ ਤੇ ਵਿਸ਼ੇਸ਼ ਦਿਲਪ੍ਰੀਤ ਗੁਰੀ: ਲਫ਼ਜ਼ਾਂ ਨਾਲ ਜ਼ਿੰਦਗੀ ਨੂੰ ਰੌਸ਼ਨ ਕਰਨ ਵਾਲੀ ਕਲਮ

ਪੰਜਾਬੀ ਸਾਹਿਤ ਦੀ ਧਰਤੀ ਨੇ ਹਮੇਸ਼ਾਂ ਅਜਿਹੇ ਕਲਮਕਾਰ ਪੈਦਾ ਕੀਤੇ ਹਨ, ਜਿਨ੍ਹਾਂ ਨੇ ਆਪਣੇ ਲਫ਼ਜ਼ਾਂ ਰਾਹੀਂ ਲੋਕਾਂ ਦੇ ਦਿਲਾਂ ਨੂੰ ਛੂਹਿਆ। ਅੱਜ ਦੇ ਦੌਰ ਵਿੱਚ ਵੀ ਇੱਕ ਅਜਿਹਾ ਨਾਮ ਸਾਹਿਤਕ ਪਾਠਕਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ—ਦਿਲਪ੍ਰੀਤ ਗੁਰੀ। ਬਹੁ ਰੰਗੀ ਲੇਖਿਕਾ ਹੈ ਇਹ ਨਾਵਲ, ਕਹਾਣੀਆ, ਗੀਤ, ਕਵਿਤਾਵਾਂ,ਗਜ਼ਲਾਂ ਤੇ ਹਰ ਵਿਸ਼ੇ ਤੇ ਲੇਖ ਲਿਖਣ ਵਿੱਚ ਪੂਰਨ ਮਹਾਰਤ ਰੱਖਦੀ ਹੈ ਹੁਣ ਤੱਕ ਇਸ ਦੀਆਂ ਛਪੀਆਂ ਕਿਤਾਬਾਂ ਵਿੱਚ ਅੰਮ੍ਰਿਤ ਵਰਗੀ ਕੁੜੀ, ਜੋ ਕਮਾਲ ਦੀਆਂ ਕਵਿਤਾਵਾਂ ਨਾਲ ਗੁੰਦੀ ਹੋਈ ਹੈ, ਤਾਜੀਬਾ ਨਾਵਲ, ਕੁੱਜੇ ਚ ਰੱਬ ਤੇ ਆਖਰੀ ਇੱਛਾ ਪੂਰੀ ਤਿੰਨ ਕਿਤਾਬਾਂ ਵੱਖ ਵੱਖ ਵਿਸ਼ਿਆਂ ਤੇ ਛਪਣ ਲਈ ਤਿਆਰ ਹੋ ਰਹੀਆਂ ਹਨ। ਇੱਕ ਟੈਲੀ ਫਿਲਮ ਅਤੇ ਕਈ ਗੀਤ ਲਿਖਣ ਵਾਲੀ ਦਿਲਪ੍ਰੀਤ ਗੁਰੀ ਦੀ ਲਿਖਤ ਸਿਰਫ਼ ਸ਼ਬਦਾਂ ਦਾ ਜੋੜ੍ਹ ਨਹੀਂ, ਬਲਕਿ ਉਹਨਾਂ ਭਾਵਨਾਵਾਂ ਦੀ ਅਭਿਵਿਅਕਤੀ ਹੈ, ਜੋ ਅੰਦਰੋਂ ਜ਼ਿੰਦਗੀ ਦੇ ਕਈ ਪਹਿਰਿਆਂ ਵਿੱਚੋਂ ਲੰਘ ਕੇ ਕਾਗਜ਼ ਉੱਤੇ ਉਤਰਦੀ ਹੈ। ਦਿਲਪ੍ਰੀਤ ਗੁਰੀ ਦੀ ਲਿਖਤ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਉਹ ਬਿਨਾਂ ਬਣਾਵਟ ਦੇ ਸੱਚ ਲਿਖਦੇ ਹਨ। ਉਹ ਜਿੱਥੇ ਭਾਵਨਾਵਾਂ ਨੂੰ ਸੋਹਣੇ ਲਫ਼ਜ਼ਾਂ ਵਿੱਚ ਪਰੋਦੇ ਹਨ, ਉੱਥੇ ਜ਼ਿੰਦਗੀ ਦੇ ਕੌੜੇ ਤਜ਼ਰਬਿਆਂ ਨੂੰ ਵੀ ਬੜੀ ਸਲੀਕੇਦਾਰੀ ਨਾਲ ਪੇਸ਼ ਕਰਦੇ ਹਨ।ਰਿਸ਼ਤਿਆਂ ਦੀ ਸੱਚਾਈ,

ਮਨੁੱਖੀ ਮਨ ਦੀ ਗਹਿਰਾਈ ਅਤੇ ਜ਼ਿੰਦਗੀ ਦੀ ਜੰਗ ਦਾ ਹੌਸਲਾ ਸਾਫ਼ ਨਜ਼ਰ ਆਉਂਦਾ ਹੈ।

ਦਿਲਪ੍ਰੀਤ ਗੁਰੀ ਦੀ ਕਲਮ ਅਹਿਸਾਸਾਂ ਦੀ ਡਾਇਰੀ ਲੱਗਦੀ ਹੈ। ਉਹ ਲਿਖਦੇ ਹਨ ਤਾਂ ਪਾਠਕ ਨੂੰ ਲੱਗਦਾ ਹੈ ਕਿ ਇਹ ਲਫ਼ਜ਼ ਕਿਸੇ ਆਪਣੇ ਨੇ ਲਿਖੇ ਹਨ।

ਉਹਨਾਂ ਦੀ ਰਚਨਾ ਪੜ੍ਹ ਕੇ ਕਈ ਵਾਰ ਪਾਠਕ ਅੰਦਰੋਂ ਕਹਿ ਉੱਠਦਾ ਹੈ:

"ਇਹ ਤਾਂ ਮੇਰੀ ਹੀ ਕਹਾਣੀ ਹੈ।"

ਇਹੀ ਉਹਨਾਂ ਦੀ ਲਿਖਤ ਦੀ ਜਿੱਤ ਹੈ—ਉਹ ਲੋਕਾਂ ਦੇ ਅੰਦਰਲੇ ਜਜ਼ਬਾਤਾਂ ਨੂੰ ਆਵਾਜ਼ ਦੇ ਦਿੰਦੇ ਹਨ।

ਔਰਤ ਦੀਆਂ ਭਾਵਨਾਵਾਂ ਨੂੰ ਆਦਰ ਨਾਲ ਪੇਸ਼ ਕਰਦੀ ਕਲਮ

ਦਿਲਪ੍ਰੀਤ ਗੁਰੀ ਦੀ ਲਿਖਤ ਵਿੱਚ ਔਰਤ ਦੀ ਥਾਂ ਬੜੀ ਵਿਸ਼ੇਸ਼ ਹੈ। ਉਹ ਔਰਤ ਨੂੰ ਸਿਰਫ਼ ਦੁੱਖਾਂ ਦਾ ਚਿਹਰਾ ਨਹੀਂ ਬਣਾਉਂਦੇ, ਬਲਕਿ ਉਸਦੀ ਹਿੰਮਤ, ਉਸਦੀ ਚੁੱਪ, ਉਸਦੇ ਸਬਰ ਅਤੇ ਉਸਦੀ ਲੜਾਈ ਨੂੰ ਵੀ ਇੱਜ਼ਤ ਦੇ ਕੇ ਲਿਖਦੇ ਹਨ।

ਉਹਨਾਂ ਦੀ ਕਲਮ

ਔਰਤ ਦੀ ਅੰਦਰਲੀ ਤਾਕਤ ਨੂੰ ਪਛਾਣਦੀ ਹੈ,ਉਸਦੀ ਅਣਕਹੀ ਪੀੜ ਨੂੰ ਸਮਝਦੀ ਹੈ ਅਤੇ ਸਮਾਜ ਦੀਆਂ ਸੱਚਾਈਆਂ ਨੂੰ ਉਘਾੜਦੀ ਹੈ।

ਇਹ ਲਿਖਤ ਸਿਰਫ਼ ਪੜ੍ਹਨ ਲਈ ਨਹੀਂ—ਸੋਚਣ ਲਈ ਵੀ ਮਜਬੂਰ ਕਰਦੀ ਹੈ।

ਅੱਜ ਦੇ ਸਮੇਂ ਵਿੱਚ ਜਦੋਂ ਸੋਸ਼ਲ ਮੀਡੀਆ 'ਤੇ ਲਿਖਤ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ, ਉੱਥੇ ਦਿਲਪ੍ਰੀਤ ਗੁਰੀ ਵਰਗੇ ਲੇਖਕ ਲਿਖਤ ਨੂੰ ਸਿਰਫ਼ ਟ੍ਰੈਂਡ ਨਹੀਂ, ਤਹਜ਼ੀਬ ਬਣਾਉਂਦੇ ਹਨ। ਉਨ੍ਹਾਂ ਦੇ ਲਫ਼ਜ਼ ਸਾਦੇ ਹਨ, ਪਰ ਪ੍ਰਭਾਵਸ਼ਾਲੀ ਹਨ,ਜੋ ਹਰ ਉਮਰ ਦੇ ਪਾਠਕ ਨੂੰ ਆਪਣਾ ਬਣਾਉਂਦੇ ਹਨ।

ਦਿਲਪ੍ਰੀਤ ਗੁਰੀ ਦੀ ਪਹਿਚਾਣ ਉਹਨਾਂ ਦੀ ਕਲਮ ਹੈ। ਉਹਨਾਂ ਦੀ ਲਿਖਤ ਜ਼ਿੰਦਗੀ ਦੇ ਹਰ ਉਸ ਮੋੜ 'ਤੇ ਨਾਲ ਖੜ੍ਹਦੀ ਹੈ, ਜਿੱਥੇ ਮਨੁੱਖ ਟੁੱਟਦਾ ਹੈ, ਪਰ ਹਾਰਦਾ ਨਹੀਂ। ਇਹੀ ਕਾਰਨ ਹੈ ਕਿ ਉਹਨਾਂ ਦੀਆਂ ਰਚਨਾਵਾਂ ਪਾਠਕਾਂ ਵਿੱਚ ਲਗਾਤਾਰ ਪਸੰਦ ਕੀਤੀਆਂ ਜਾ ਰਹੀਆਂ ਹਨ।

ਨਤੀਜਾ "ਦਿਲਪ੍ਰੀਤ ਗੁਰੀ" ਪੰਜਾਬੀ ਲਿਖਤ ਦੀ ਦੁਨੀਆਂ ਦਾ ਉਹ ਨਾਮ ਹੈ, ਜੋ ਹੌਲੀ-ਹੌਲੀ ਨਹੀਂ—ਬਲਕਿ ਮਜ਼ਬੂਤੀ ਨਾਲ ਆਪਣੀ ਥਾਂ ਬਣਾਉਂਦਾ ਜਾ ਰਿਹਾ ਹੈ। ਉਹਨਾਂ ਦੇ ਲਫ਼ਜ਼ ਦਰਦ ਵੀ ਹਨ ਤੇ ਹੌਸਲਾ ਵੀ। ਇਹ



ਕਲਮ ਮਨੁੱਖ ਨੂੰ ਅੰਦਰੋਂ ਜੋੜਦੀ ਹੈ, ਸੰਭਾਲਦੀ ਹੈ ਅਤੇ ਜ਼ਿੰਦਗੀ ਨਾਲ ਫਿਰ ਤੋਂ ਪਿਆਰ ਕਰਨਾ ਸਿਖਾਉਂਦੀ ਹੈ। ਸਾਹਿਤ ਦੇ ਹਰਿ ਰੰਗ ਵਿੱਚ ਛਪੀਆਂ ਤੇ ਛਪਣ ਵਾਲੀਆਂ ਕਿਤਾਬਾਂ ਤੇ ਬਾਕੀ ਮਾਂ ਬੋਲੀ ਸਬੰਧੀ ਕਾਬ ਦਾ ਵੇਰਵਾ ਇਹ ਹੈ-ਬੀਬਾ ਜੀ ਨੇ ਕਵਿਤਾ, ਗੀਤ, ਨਾਵਲ, ਕਹਾਣੀ, ਫਿਲਮੀ ਸੰਵਾਦ ਤੇ ਫਿਲਮੀ ਕਹਾਣੀਆਂ, ਜੀਵਨੀ, ਲੇਖ।

ਬੀਬਾ ਜੀ ਦੀਆਂ ਬਹੁਤ ਸਾਰੀਆਂ ਰਚਨਾਵਾਂ ਇਹਨਾਂ ਸਾਂਝੀਆਂ ਕਿਤਾਬਾਂ ਇਕ ਲੱਪ ਗੀਤਾਂ ਦੀ,ਸੁਖ਼ਨਵਰ,ਗੀਤ ਬਗੀਚਾ,ਸੁਖ਼ਨਵਾਜ਼,ਕਲਮਾਂ ਬੋਲਦੀਆਂ,ਹਰਫ਼ਾਂ ਦੀ ਖ਼ੁਸ਼ਬੋ ਇਹਨਾਂ ਦੇ ਲੇਖੇ ਗੀਤ ਰਿਕਾਰਡ ਹੋਏ।

ਨਸ਼ੇੜੀ (ਹਰਮੀਤ ਜੱਸੀ ਤੇ ਨੂਰਦੀਪ ਨੂਰ)




ਧੀ ਰਾਣੀ (ਰਣਜੀਤ ਮਣੀ)
ਸਰਬਤ ਦੀਆ ਖੈਰਾਂ (ਰਮਜ਼ਾਨ ਅਲੀਸ਼ੇਰ)
ਖਾਮੋਸ਼ ਬੁਲ (ਮੁਸਕਾਨ)
ਇਲਾਜ ਤੇਰੇ ਵਹਿਮਾਂ ਦਾ (ਹਰੀਸ਼ ਪਟਿਆਲਵੀ)
ਫ਼ਰਿਆਦ ਕਰਾ (ਸਰਬਜੀਤ ਢੱਕ ਇੰਗਲੈਂਡ)
ਮਾਂ (ਸਰਬਜੀਤ ਢੱਕ ਇੰਗਲੈਂਡ)
ਸ਼ਾਇਰ ਦੇ ਖਿਆਲ ਜਿਹਾ (ਸਰਬਜੀਤ ਢੱਕ ਇੰਗਲੈਂਡ)
ਭੁੱਲ ਨਾ ਜਾਇਓ (ਹੈਪੀ ਸਿੰਘ)

ਕਿਤਾਬਾਂ
ਅੰਮ੍ਰਿਤ ਵਰਗੀ ਕੁੜੀ(ਕਾਵਿ ਸੰਗ੍ਰਹਿ)
ਕੁੱਜੇ 'ਚ ਰੱਬ (ਕਹਾਣੀ ਸੰਗ੍ਰਹਿ)
ਤਾਜੀਬਾ - ਚਹੁੰ ਜਨਮਾਂ ਦੀ ਦਾਸਤਾਨ (ਨਾਵਲ)
ਆਖ਼ਰੀ ਇੱਛਾ ਪੂਰੀ ਕਰੇਗਾ(ਕਾਵਿ ਸੰਗ੍ਰਹਿ)

ਆਉਣ ਵਾਲੀਆਂ ਕਿਤਾਬਾਂ 2026
ਚਾਨਣ ਦੀਆ ਜਾਈਆਂ
ਬਾਇਓਗ੍ਰਾਫੀ- ਗਾਇਕ ਸ਼ੀਰਾ ਜਸਵੀਰ
ਸੁਸਾਇਡ ਨੋਟ- ਨਾਵਲ
ਦਲਦਲ ਜ਼ਿੰਦਗੀ ਦੀ -ਕਹਾਣੀ ਸੰਗ੍ਰਹਿ

ਪਹਿਲੀ ਫਿਲਮ
ਹਰਾ ਚੂੜਾ (ਕਹਾਣੀ ਤੇ ਸੰਵਾਦ)

ਸਨਮਾਨ :-
ਸਾਹਿਤ ਸਭਾ ਸ੍ਰੀ ਮੁਕਤਸਰ ਵੱਲੋਂ ਵਿਸ਼ੇਸ਼ ਸਨਮਾਨ 2023
ਮੇਲ ਰੂਹਾਂ ਦਾ ਸਹਿਤਕ ਮੰਚ ਮੁੰਬਈ 2023
ਗੀਤ ਕਲਾ ਮੰਚ ਪੰਜਾਬ ਵੱਲੋ ਵਿਸ਼ੇਸ਼ ਸਨਮਾਨ 2023, 2024
ਮਲਿਕਾ-ਏ-ਕਲਮ ਐਵਾਰਡ - ਅਦਾਰਾ ਸ਼ਬਦ ਕਾਫਲਾ
ਘਠੜ ਮਹਾਂ ਕਵੀ ਦਰਬਾਰ - ਸਨਮਾਨ ਪੱਤਰ 2024
ਓ, ਅ, ੲ ਕਿਰਨਾ ਸਹਿਤਕ ਮੰਚ ਬਠਿੰਡਾ 2024
ਹੱਕ-ਸੱਚ ਦੀ ਆਵਾਜ਼ ਦੁਬਈ 2023
ਫਭਛ ਠੜ੍ਹਖ ਵੱਲੋਂ ਸਨਮਾਨ ਪੱਤਰ
ਬਾਬਾ ਦੀਪ ਸਿੰਘ ਫੈਡਰੇਸ਼ਨ ਅਤੇ ਧਰਮ ਪ੍ਰਚਾਰ ਕਮੇਟੀ - ਮਾਂ-ਬੋਲੀ ਸੰਭਾਲ ਲਹਿਰ (ਵਿਸ਼ੇਸ਼ ਸਨਮਾਨ)
ਗਾਉਂਦਾ ਪੰਜਾਬ ਵੱਲੋਂ- ਵਿਸ਼ੇਸ਼ ਸਨਮਾਨ
ਆਪਣੀ ਸੱਭਿਆਚਾਰਿਕ ਸੱਥ ਮਾਝਾਂ ਮਾਲਵਾ ਵੱਲੋਂ ਨਾਰੀ ਸ਼ਕਤੀ ਪੁਰਸ਼ਕਾਰ ਪੰਜਾਬੀ ਅਦਬ ਕਲਾ ਕੇਂਦਰ ਮਰੇਲਕੋਟਲਾ ਵੱਲੋਂ ਸਨਮਾਨ
ਪੰਜਾਬੀ ਸਾਹਿਤ ਸਭਾ ਮੁਕਤਸਰ ਵੱਲੋਂ ਫੁਲੇਲ ਸਿੰਘ ਫੁੱਲ ਐਵਾਰਡ 2025 ਉਮਰਾਂ ਦੀ ਸਾਂਝ ਤੇ ਪੰਜਾਬ ਸੋਚਦਾ ਸਾਹਿਤਕ ਮੰਚ-2025
ਇੰਡੀਕ ਆਰਟ ਵਾਲਫ਼ੇਅਰ ਕੌਂਸਲ ਵਲੋਂ ਰਾਜ ਯੂਥ ਆਈਕਲ ਐਵਾਰਡ2025 ਉਮਰਾਂ ਦੀ ਸਾਂਝ ਤੇ ਪੰਜਾਬ ਸੋਚਦਾ ਸਾਹਿਤਕ ਮੰਚ-2025
ਇੰਡੀਕ ਆਰਟ ਵਾਲਫ਼ੇਅਰ ਕੌਂਸਲ ਵਲੋਂ ਰਾਜ ਯੂਥ ਆਈਕਲ ਐਵਾਰਡ। ਸਾਹਿਤ ਦੇ ਹਰ ਰੰਗ ਰੂਪ ਵਿੱਚ ਰੰਗੀ ਭੈਣ ਦਿਲਪ੍ਰੀਤ ਕੌਰ ਗੁਰੀ ਦੀ ਕਲਮ ਚਲਦੀ ਜਾ ਰਹੀ ਹੈ ਤੇ ਹਰ ਖੇਤਰ ਵਿੱਚ ਇਸ ਦੀ ਕਲਮ ਬਹੁ ਰੰਗੀ ਰਚਨਾਵਾਂ ਦੀ ਝੜੀ ਲਾ ਰਹੀ ਹੈ। ਭੈਣ ਦੀ ਕਲਮ ਹਰ ਸਾਹਿਤ ਦੇ ਰੂਪ ਵਿੱਚ ਰੰਗੀ ਹੋਈ ਮਾਂ ਬੋਲੀ ਲਈ ਰੰਗ ਬਿਖੇਰ ਰਹੀ ਹੈ ਤੇ ਬੀਬਾ ਜੀ ਦੀ ਲੋਕ ਗੀਤ ਜਿੰਨੀ ਲੰਮੀ ਉਮਰ ਹੋਵੇ ਤੇ ਉਹਨਾਂ ਦੀ ਕਲਮ ਨਿਰੰਤਰ ਮਾਂ ਬੋਲੀ ਪੰਜਾਬੀ ਦੇ ਝੰਡੇ ਗੱਡਦੀ ਰਹੇ। **ਆਮੀਨ**



**ਰਮੇਸ਼ਵਰ ਸਿੰਘ, ਸੰਪਰਕ ਨੰਬਰ-7009244452**

## ਦਿਲਪ੍ਰੀਤ ਗੁਰੀ ਨੂੰ ਜਨਮ ਦਿਨ ਮੁਬਾਰਕ

ਚਾਰ ਫ਼ਰਵਰੀ ਸ਼ੁਭ ਦਿਹਾੜਾ ,
ਘੜੀਆਂ ਸੁਲੱਖਣੀਆਂ ਆਈਆਂ ।
ਬਹੁਪੱਖੀ ਸ਼ਖ਼ਸੀਅਤ ਗੁਰੀ ਨੂੰ ,
ਲੱਖ ਲੱਖ ਹੋਣ ਵਧਾਈਆਂ ।
ਤੰਦਰੁਸਤੀ ਨਾਲ਼ ਭਰੀ ਉਮਰ ,
ਹੋ 'ਜੇ ਲੋਕ ਗੀਤਾਂ ਤੋਂ ਲੰਮੀ ;
ਸਾਹਿਤ ਦੇ ਪਿੜ ਵਿੱਚ ਏਸੇ ਤਰ੍ਹਾਂ,
ਸਦਾ ਛੋਂਹਦੀ ਰਹੇ ਉਚਾਈਆਂ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
**9914836037**

## ਦਿਲਪ੍ਰੀਤ ਗੁਰੀ ,ਭੈਣ ਨੂੰ ਜਨਮ ਤਰੀਕ ਦੀਆਂ ਬਹੁਤ ਬਹੁਤ ਮੁਬਾਰਕਾਂ, ਖੁਸ਼ ਰਹੋ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੋਂ



ਜਨਮ ਤਰੀਕ ਦੀਆਂ ਵਧਾਈਆਂ ਤੈਨੂੰ, ਯੁੱਗ ਯੁੱਗ ਜੀਵੇਂ ਭੈਣੇ
ਜੋ ਕੁਝ ਵੀ ਤੁਸੀਂ ਲਿਖਿਆ ਅੱਜ ਤੱਕ
ਦੁਨੀਆਂ ਤੇ ਉਹ ਰਹਿਣੇ
ਲੋਕ ਗੀਤ ਦੇ ਵਾਂਗੂੰ ਤੇਰੀ ਹੋਵੇ ਉਮਰ ਲੰਮੇਰੀ
ਮਿਲ਼ੇ ਲਿਖ਼ਣ ਦਾ ਬਲ ਹਮੇਸ਼ਾ ਪੂਰੀ ਰੀਝ ਹੋਵੇ ਸਭ ਤੇਰੀ,,,,,,
ਗੀਤ ਗ਼ਜ਼ਲ ਕਵਿਤਾਵਾਂ ਕਹਾਣੀਆਂ
ਬਣੇ ਰਹਿਣ ਤੇਰੇ ਗਹਿਣੇ
ਜਨਮ ਤਰੀਕ ਦੀਆਂ ਵਧਾਈਆਂ ਤੈਨੂੰ, ਯੁੱਗ ਯੁੱਗ ਜੀਵੇਂ ਭੈਣੇ
ਗੁਰਮੀਤ ਡੁਮਾਣੇ ਵਾਲੇ ਵੱਲੋਂ ਤੈਨੂੰ ਲੱਖ, ਦੁਆਵਾਂ
ਸਿਹਤ ਪੱਖੋਂ ਸਦਾ ਠੀਕ ਰਵੇ,ਨਾ ਤੱਤੀਆਂ,ਲੱਗਣ ਹਵਾਵਾਂ
ਜਿਉਂਦੀ ਜਾਨ ਨੂੰ ਤਾਂ ਭਾਵੇਂ ਦੁੱਖ ਵੀ, ਝੱਲਣੇ ਪੈਣੇ,,,,,,,,
ਜਨਮ ਤਰੀਕ ਦੀਆਂ ਵਧਾਈਆਂ ਤੈਨੂੰ, ਯੁੱਗ ਯੁੱਗ ਜੀਵੇ ਭੈਣੇ,,,,,

**ਗੀਤਕਾਰ**
**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

# (ਸਮਾਜ ਸੁਧਾਰ ਲਹਿਰ)

ਗੁਰੂ ਦਾ ਸਿੱਖ, ਭਲੇ ਦੇ ਕੰਮ ਕਰਕੇ, ਕਦੇ ਵੀ ਅਹਿਸਾਨ ਨਹੀਂ ਕਰਦਾ।ਗੁਸੇ ਵਿਚ ਆਕੈ, ਗਰੀਬ ਗੁਰਬੇ ਦਾ ਅਪਮਾਨ ਨਹੀਂ ਕਰਦਾ। ਵਡਿਆਈਆਂ ਦਾ ਭੁੱਖਾ ਨਹੀਂ ਹੁੰਦਾ।, ਮਨ ਤੇ ਕਾਬੂ ਰੱਖਦਾ, ਕਦੇ ਰੁੱਖਾ ਨਹੀਂ ਹੁੰਦਾ।ਹਲੀਮੀ ਨਾਲ ਗੱਲਬਾਤ ਕਰਕੇ,ਦਿਲ ਹੌਲਾ ਕਰਦਾ।ਸੱਚ ਦਾ ਪਹਿਰੇਦਾਰ, ਕਦੇ ਸੱਚ ਕਹਿਣ ਤੋਂ ਨਾ ਡਰਦਾ। ਦੂਜਿਆਂ ਦੇ ਰਾਹਾਂ ਵਿੱਚ ਕੰਡੇ ਨਾ ਵਿਛਾਵੇ। ਬਿਪਤਾਵਾਂ ਵਿੱਚ ਪਿਆਂ, ਦੇ ਕੰਮ ਹੀ ਆਵੇ। ਸਿਖਿਆ ਗੁਰੂ ਦੀ ਲੈਕੇ, ਬੁਰਾ ਨਹੀਂ ਚਿਤਾਰਦਾ।ਚੰਗੇ ਪਾਸੇ ਲੱਗਿਆ, ਕਦੇ ਨਹੀਂ ਹਾਰਦਾ।ਗੁਰੂ ਦਾ ਸਿੱਖ ਨਿਤਾਣਿਆਂ ਦਾ ਤਾਣ ਬਣਦਾ। ਵਿਤਕਰਿਆਂ ਤੋਂ ਉੱਪਰ ਉੱਠ ਕੇ ਨਿਮਾਣਿਆਂ ਦਾ ਮਾਣ ਬਣਦਾ। ਪਹੂਵਿੰਡ ਵਿੱਚ 26ਜਨਵਰੀ 1682 ਨੂੰ ਜਨਮੇ, ਬਾਬਾ ਦੀਪ ਸਿੰਘ,ਸਿੱਖ ਮਿਸਲ ਸ਼ਹੀਦਾਂ ਦੇ ਬਾਨੀ। ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛੱਕ, ਬਾਬਾ ਬੰਦਾ ਸਿੰਘ ਬਹਾਦਰ ਨਾਲ, ਜੰਗਾਂ ਲੜ, ਸਮਾਜ ਸੁਧਾਰ ਲਹਿਰ ਦਾ ਹਿੱਸਾ ਬਣ ਦਿੱਤੀ ਕੁਰਬਾਨੀ। ਗੁਰੂ ਸਾਹਿਬਾਂ, ਮਾਨਵੀ ਬਰਾਬਰੀ ਲਈ, ਸਾਜਿਆ ਖਾਲਸਾ ਪੰਥ। ਰੂਹਾਨੀ ਵਿਸਤਾਰ ਲਈ,ਸਾਜਿਆ ਗੁਰੂ ਗ੍ਰੰਥ। ਝੂਠੇ ਕਰਮ ਕਾਂਡਾਂ ਵਿੱਚੋਂ ਕੱਢਕੇ,ਸਾਂਵੀ ਪੱਧਰੀ ਜੀਵਨ ਜਾਂਚ ਸਿਖਾਈ। ਜ਼ਕਰੀਆ ਖ਼ਾਨ ਨੇ 1738 ਵਿੱਚ ਅੰਮ੍ਰਿਤਸਰ ਦੇ ਸਾਰੇ ਲਾਂਘੇ ਕੀਤੇ ਬੰਦ, ਤਾਂ ਆਪ ਨੇ ਮਾਲਵੇ ਵੱਲ ਕੀਤੀ ਚੜ੍ਹਾਈ।

ਜਹਾਨ ਖਾਨ ਨੇ 1757 ਵਿੱਚ ਦਰਬਾਰ ਸਾਹਿਬ ਦੀ ਬੇਅਬਦੀ ਕੀਤੀ ਤੇ ਲੁਟਿਆ। ਅਹਿਮਦ ਸ਼ਾਹ ਅਬਦਾਲੀ, ਅਗਸਤ 1740 ਵਿੱਚ, ਜਦੋਂ ਅੰਮ੍ਰਿਤਸਰ ਸ਼ਹਿਰ ਲੁਟਿਆ ਜੁਆਨ ਔਰਤਾਂ ਨੂੰ ਵਰਗਲਾ ਕੇ, ਰਿਹਾ ਸੀ ਜਾਅ।ਤਾਂ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਲੁਟਿਆ ਮਾਲ ਖੋਹਿਆ, ਔਰਤਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰ ਦਿੱਤਾ ਪੁਚਾ।ਮੱਸੇ ਰੰਗੜ ਦਾ ਗਾਟਾ ਲਾਹਕੇ, ਸਿਰ ਨੇਜ਼ੇ ਉੱਤੇ ਟੰਗ,ਮਿਲੇ ਬਾਬਾ ਦੀਪ ਸਿੰਘ ਜੀ ਨੂੰ, ਤਲਵੰਡੀ ਸਾਬੋ ਜਾਅ। ਜਹਾਨ ਖ਼ਾਨ 20 ਹਜ਼ਾਰ ਦੀ ਫ਼ੌਜ ਲੈ ਅੰਮ੍ਰਿਤਸਰ ਤੋਂ ਤਰਨਤਾਰਨ ਵੱਲ ਵੱਧਿਆ। ਪੰਜ ਮੀਲ ਦੀ ਦੂਰੀ ਤੇ ਗੋਹਲਵਾਲ ਦੇ ਸਥਾਨ ਤੇ ਅਫ਼ਗਾਨ ਫ਼ੌਜ ਨਾਲ ਹੋਈ ਗਹਿਗੱਚ ਲੜਾਈ, ਅਫ਼ਗਾਨੀ ਜਰਨੈਲ ਜਹਾਨ ਖ਼ਾਨ,ਅਤਾਈ ਖ਼ਾਨ, ਯਾਕੂਬ ਖ਼ਾਨ ਤੇ ਸ਼ਾਸਕ ਅਲੀ ਖਾਨ ਅਖੀਰ ਉੱਤੇ ਹੋਏ ਢਹਿ ਢੇਰੀ। ਬਾਬਾ ਦੀਪ ਸਿੰਘ ਜੀ ਵੀ ਜ਼ਖਮੀ ਹੋ ਡਿੱਗੇ,ਸਿਰ ਧੜ ਨਾਲੋਂ ਜੁਦਾ ਹੋਇਆ,ਖੱਬੇ ਹੱਥ ਦੀ ਤਲੀ ਤੇ ਸੀਸ ਧਰ ਪਹੁੰਚੇ, ਪ੍ਰਕਰਮਾ ਦਰਬਾਰ ਸਾਹਿਬ, ਲਾਈ ਨਾ ਦੇਰੀ। ਦੋ-ਧਾਰੀ ਤਲਵਾਰ,18 ਸੇਰੀਨਾਲ,ਵੈਰੀ ਸੀ ਪਾਰ ਬੁਲ-ਾਏ। ਰਮਦਾਸ ਨਗਰ ਗੁਰਦੁਆਰਾ ਸਾਹਿਬ ਵਿੱਚ ਤਲਵਾਰ ਸ਼ਸ਼ੋਭਤ ਹੈ, ਜਿਥੇ ਹੋਰ ਵੀ ਸ਼ਸਤਰ ਹਨ ਸਜਾਏ। ਬਾਬਾ ਦੀਪ ਸਿੰਘ ਜੀ 15 ਨਵੰਬਰ 1757 ਨੂੰ ਸ਼ਹੀਦੀ ਪ੍ਰਾਪਤ ਕਰ ਗਏ। ਸਮਾਜ ਸੁਧਾਰ ਲਹਿਰ ਦੀ ਅਗਵਾਈ ਕਰ ਗਏ।



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ ਬ੍ਰਿਸਬੇਨ ਆਸਟ੍ਰੇਲੀਆ ਫੋਨ ਨੰਬਰ : 9878469639**



# ਪੁਸਤਕਾਂ ਦੀ ਐਡਵਰਟਾਈਜ਼ਮੈਂਟ

## ਗਿਆਨ ਅਤੇ ਦਾਨ ਨਾਲ-ਨਾਲ






















**ਹਾਸ-ਵਿਅੰਗ ਲੇਖਕ ਭਗਵਾਨ ਸਿੰਘ ਤੱਗੜ ਦੀਆਂ ਪੁਸਤਕਾਂ ਖਰੀਦਨ ਲਈ ਈ-ਮੇਲ ਰਾਹੀਂ ਜਾਂ ਫੋਨ ਰਾਹੀਂ ਸੰਪਰਕ ਕਰੋ ਜੀ, ਪੰਜਾਬੀ ਅਤੇ ਹਿੰਦੀ ਪੁਸਤਕਾਂ ਦੀ ਕੀਮਤ £5 +ਡਾਕ ਖਰਚ ਅਤੇ ਇੰਗਲਿਸ਼ ਨਾਵਲ £7+ਡਾਕ ਖਰਚ। ਇਹ ਪੁਸਤਕਾਂ ਦਾ ਪੈਸਾ ਕੈਂਸਰ ਅਤੇ ਅੱਖਾਂ ਦੀ ਚੇਰੀਟੀ ਨੂੰ ਭੇਜਿਆ ਜਵੇਗਾ।**

| | | |
|---|---|---|
| ਭਿਖਾਰੀ ਯੂਨੀਅਨ | ਪੰਜਾਬੀ ਹਾਸ ਵਿਅੰਗ | £5 |
| ਮੂਰਖਾਂ ਦੀ ਮਹਿਫਿਲ | ਪੰਜਾਬੀ ਹਾਸ ਵਿਅੰਗ | £5 |
| ਇਕ ਗਧੇ ਨਾਲ ਮੁਲਾਕਾਤ | ਪੰਜਾਬੀ ਹਾਸ ਵਿਅੰਗ | £5 |
| ਜਵਾਲਾਮੁਖੀ | ਪੰਜਾਬੀ ਨਾਵਲ | £5 |
| ਫਲੈਟ ਤੋਂ ਫਲੈਟ ਤੱਕ | ਪੰਜਾਬੀ ਕਹਾਨੀ | £5 |
| ਗਾਇਕ ਬੇਸੁਰਾ ਜੀ ਸੇ ਸਾਕਸ਼ਾਤਕਾਰ | ਹਿੰਦੀ ਹਾਸ ਰਸ | £5 |
| ਅਖਿਲ ਭਾਰਤੀਅ ਖਿਚੜੀ ਸੱਮੇਲਨ | ਹਿੰਦੀ ਹਾਸ ਰਸ | £5 |
| ਵੋਲਕੈਨੋ | ਇੰਗਲਿਸ਼ ਸੋਸ਼ਲ ਨਾਵਲ | £7 |
| ਇਰੈਡੀਚੇਸ਼ਨ ਔਫ਼ ਈਵਲ ਨਾਵਲ | ਕਰਾਈਮ ਥਰਿਲਰ | £7 |

# ਇਲੈਕਟ੍ਰੋਹੋਮਿਓਪੈਥੀ ਦਾ ਵੱਧਦਾ ਹੋਇਆ ਰੁਝਾਨ

ਇਲੈਕਟ੍ਰੋਹੋਮਿਓਪੈਥੀ ਇਲਾਜ਼ ਦੀ ਇੱਕ ਪ੍ਰਣਾਲੀ ਹੈ ਜਿਸ ਬਾਰੇ ਬਹੁਤ ਸਾਰੇ ਲੋਕ ਮੂੰਹ-ਜ਼ੁਬਾਨੀ, ਸਥਾਨਕ ਲੋਕਾਂ ਜਾਂ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਲੈਂਦੇ ਹਨ। ਇਸ ਦੇ ਸਮਰਥਕ ਇਸਨੂੰ ਕੁਦਰਤੀ, ਪੌਦਿਆਂ ‘ਤੇ ਆਧਾਰਿਤ ਇਲਾਜ ਪ੍ਰਣਾਲੀ ਦੱਸਦੇ ਹਨ, ਜਦਕਿ ਆਲੋਚਕ ਕਹਿੰਦੇ ਹਨ ਕਿ ਇਸਦੇ ਪੱਖ ਵਿੱਚ ਮਜ਼ਬੂਤ ਵਿਗਿਆਨਕ ਸਬੂਤ ਮੌਜੂਦ ਨਹੀਂ ਹਨ।

**ਇਲੈਕਟ੍ਰੋਹੋਮਿਓਪੈਥੀ ਦੀ ਸ਼ੁਰੂਆਤ ਕਿੱਥੋਂ ਹੋਈ?**

ਇਲੈਕਟ੍ਰੋਹੋਮਿਓਪੈਥੀ ਦਾ ਵਿਕਾਸ 19ਵੀਂ ਸਦੀ ਵਿੱਚ ਇੱਕ ਇਟਾਲੀਅਨ ਵਿਅਕਤੀ ਕਾਊਂਟ ਸੇਜ਼ਾਰੇ ਮਾਤੇਈ ਵੱਲੋਂ ਕੀਤਾ ਗਿਆ। ਉਸਦਾ ਮੰਨਣਾ ਸੀ ਕਿ ਬਹੁਤ ਸਾਰੀਆਂ ਬਿਮਾਰੀਆਂ ਸਰੀਰ ਦੇ ਰੱਤ ਅਤੇ ਲਿੰਫ਼ (ਲਸੀਕਾ — ਜੋ ਰੋਗ-ਰੋਧਕ ਪ੍ਰਣਾਲੀ ਨੂੰ ਸਹਾਰਾ ਦਿੰਦੀ ਹੈ) ਦੇ ਅਸ਼ੁੱਧ ਜਾਂ ਅਸੰਤੁਲਿਤ ਹੋਣ ਕਾਰਨ ਪੈਦਾ ਹੁੰਦੀਆਂ ਹਨ। ਉਸਦੀ ਸਿਧਾਂਤਕ ਸੋਚ ਅਨੁਸਾਰ, ਇਸ ਸੰਤੁਲਨ ਨੂੰ ਮੁੜ ਬਹਾਲ ਕਰਨ ਨਾਲ ਸਰੀਰ ਆਪਣੇ ਆਪ ਨੂੰ ਠੀਕ ਕਰ ਸਕਦਾ ਹੈ।

ਇੱਥੇ ਇਲੈਕਟ੍ਰੋ ਸ਼ਬਦ ਦਾ ਅਰਥ ਆਧੁਨਿਕ ਵਿਗਿਆਨਕ ਮਾਇਨੇ ਵਿੱਚ ਬਿਜਲੀ ਨਹੀਂ ਹੈ। ਮਾਤੇਈ ਨੇ ਇਸ ਸ਼ਬਦ ਨੂੰ ਇੱਕ ਜੀਵਨ-ਸ਼ਕਤੀ ਜਾਂ ਊਰਜਾ ਵਜੋਂ ਵਰਤਿਆ, ਜਿਸ ਬਾਰੇ ਉਸਦਾ ਵਿਸ਼ਵਾਸ ਸੀ ਕਿ ਇਹ ਸਰੀਰ ਵਿੱਚ ਪ੍ਰਵਾਹਿਤ ਹੁੰਦੀ ਹੈ। ਇਹ ਦਵਾਈਆਂ ਮੁੱਖ ਤੌਰ ‘ਤੇ ਪੌਦਿਆਂ ਦੇ ਅਰਕਾਂ ਤੋਂ ਬਣਾਈਆਂ ਜਾਂਦੀਆਂ ਸਨ ਅਤੇ ਉਹਨਾਂ ਨੂੰ ਉਹਨਾਂ ਬਿਮਾਰੀਆਂ ਦੇ ਆਧਾਰ ‘ਤੇ ਨਾਂ ਦਿੱਤੇ ਜਾਂਦੇ ਸਨ, ਜਿਨ੍ਹਾਂ ਦੇ ਇਲਾਜ ਲਈ ਇਹ ਤਿਆਰ ਕੀਤੀਆਂ ਜਾਂਦੀਆਂ ਸਨ।

**ਇਲੈਕਟ੍ਰੋਹੋਮਿਓਪੈਥੀ ਦੇ ਮੁੱਖ ਸਿਧਾਂਤ ਕੀ ਹਨ?**

ਇਲੈਕਟ੍ਰੋਹੋਮਿਓਪੈਥੀ ਕੁਝ ਸਧਾਰਣ ਵਿਚਾਰਾਂ ‘ਤੇ ਆਧਾਰਿਤ ਹੈ:

ਰੋਗ ਰੱਤ ਅਤੇ ਲਿੰਫ਼ ਦੇ ਅਸੰਤੁਲਨ ਕਾਰਨ ਹੁੰਦੇ ਹਨ।

ਸਰੀਰ ਵਿੱਚ ਕੁਦਰਤੀ ਤੌਰ ‘ਤੇ ਆਪਣੇ ਆਪ ਨੂੰ ਠੀਕ ਕਰਨ ਦੀ ਸਮਰੱਥਾ ਹੁੰਦੀ ਹੈ।

ਪੌਦਿਆਂ ‘ਤੇ ਆਧਾਰਿਤ ਦਵਾਈਆਂ ਸੰਤੁਲਨ ਮੁੜ ਸਥਾਪਿਤ ਕਰਨ ਵਿੱਚ ਮਦਦਗਾਰ ਹੋ ਸਕਦੀਆਂ ਹਨ।

ਇਲਾਜ਼ ਨਰਮ ਅਤੇ ਹੌਲੀ-ਹੌਲੀ ਹੁੰਦਾ ਹੈ।

ਇਸ ਪ੍ਰਣਾਲੀ ਦੇ ਪ੍ਰਚਾਰਕਾਂ ਦਾ ਦਾਅਵਾ ਹੈ ਕਿ ਇਹ ਦਵਾਈਆਂ ਸਰੀਰ ਦੀ ਸ਼ੁੱਧੀ ਕਰਦੀਆਂ ਹਨ, ਰੋਗ-ਰੋਧਕ ਸ਼ਕਤੀ ਨੂੰ ਮਜ਼ਬੂਤ ਕਰਦੀਆਂ ਹਨ ਅਤੇ ਸਿਰਫ਼ ਲੱਛਣਾਂ ਦੇ ਇਲਾਜ ਦੀ ਬਜਾਏ ਲੰਬੇ ਸਮੇਂ ਦੀ ਸਿਹਤ ਨੂੰ ਸਹਾਰਾ ਦਿੰਦੀਆਂ ਹਨ।

**ਕੀ ਇਲੈਕਟ੍ਰੋਹੋਮਿਓਪੈਥੀ ਸੱਚਮੁੱਚ ਪ੍ਰਭਾਵਸ਼ਾਲੀ ਹੈ?**

ਇੱਥੇ ਹੀ ਸਾਰਿਆਂ ਦੀ ਰਾਏ ਵਿੱਚ ਸਭ ਤੋਂ ਵੱਡਾ ਅੰਤਰ ਪੈਂਦਾ ਹੈ।

ਕਈ ਲੋਕ ਦਾਅਵਾ ਕਰਦੇ ਹਨ ਕਿ ਇਲੈਕਟ੍ਰੋਹੋਮਿਓਪੈਥੀ ਦੀਆਂ ਦਵਾਈਆਂ ਲੈਣ ਤੋਂ ਬਾਅਦ ਉਹਨਾਂ ਨੂੰ ਸੁਧਾਰ ਮਹਿਸੂਸ ਹੋਇਆ। ਇਹ ਤਜ਼ਰਬੇ ਹਕੀਕਤੀ ਹਨ ਅਤੇ ਉਹਨਾਂ ਦਾ ਆਦਰ ਕੀਤਾ ਜਾਣਾ ਚਾਹੀਦਾ ਹੈ। ਪਰ ਆਧੁਨਿਕ ਇਲਾਜ਼ ਪ੍ਰਣਾਲੀ ਵਿਗਿਆਨ ਕਿਸੇ ਇਲਾਜ਼ ਦੀ ਅਸਲ ਪ੍ਰਭਾਵਸ਼ੀਲਤਾ ਸਾਬਤ ਕਰਨ ਲਈ ਨਿਯੰਤਰਿਤ ਅਧਿਐਨਾਂ ‘ਤੇ ਨਿਰਭਰ ਕਰਦਾ ਹੈ, ਤਾਂ ਜੋ ਇਹ ਜਾਣਿਆ ਜਾ ਸਕੇ ਕਿ ਲਾਭ ਸਿਰਫ਼ ਵਿਸ਼ਵਾਸ ਜਾਂ ਸੰਜੋਗ ਦਾ ਨਤੀਜਾ ਨਹੀਂ ਹੈ।

**ਅਜੇ ਤੱਕ:**

ਅਜਿਹੇ ਮਜ਼ਬੂਤ ਵਿਗਿਆਨਕ ਅਧਿਐਨ ਮੌਜੂਦ ਨਹੀਂ ਹਨ ਜੋ ਇਹ ਸਾਬਤ ਕਰਨ ਕਿ ਇਲੈਕਟ੍ਰੋਹੋਮਿਓਪੈਥੀ ਖਾਸ ਬਿਮਾਰੀਆਂ ਦਾ ਇਲਾਜ ਕਰਦੀ ਹੈ।

ਵੱਡੇ ਅਤੇ ਢੰਗ ਨਾਲ ਤਿਆਰ ਕੀਤੇ ਗਏ ਕਲੀਨਿਕਲ ਨਤੀਜਿਆਂ ਦੀ ਕਮੀ ਹੈ।

ਵਿਗਿਆਨੀਆਂ ਨੂੰ ਇਹ ਸਪਸ਼ਟ ਜੀਵ-ਵਿਗਿਆਨਕ ਵਿਆਖਿਆ ਨਹੀਂ ਮਿਲੀ ਕਿ ਇਹ ਦਵਾਈਆਂ ਸਰੀਰ ਵਿੱਚ ਕਿਵੇਂ ਕੰਮ ਕਰਦੀਆਂ ਹਨ।

ਇਸ ਕਾਰਨ ਡਾਕਟਰ ਅਤੇ ਸਿਹਤ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸਦੇ ਸੰਭਾਵਿਤ ਲਾਭ ਪਲੇਸੀਬੋ ਪ੍ਰਭਾਵ, ਕੁਦਰਤੀ ਸੁਧਾਰ ਜਾਂ ਸਹਾਇਕ ਦੇਖਭਾਲ ਕਾਰਨ ਹੋ ਸਕਦੇ ਹਨ, ਨਾ ਕਿ ਦਵਾਈ ਦੇ ਸਿੱਧੇ ਪ੍ਰਭਾਵ ਕਾਰਨ।

**ਸੰਭਾਵਿਤ ਲਾਭ**

ਇਸਦੇ ਸਮਰਥਕ ਕੁਝ ਲਾਭ ਗਿਣਾਉਂਦੇ ਹਨ:

ਪੌਦਿਆਂ ‘ਤੇ ਆਧਾਰਿਤ ਅਤੇ ਆਮ ਤੌਰ ‘ਤੇ ਘੱਟ ਵਿਸ਼ਾਕਤ,ਬਿਨਾਂ ਸਰਜਰੀ ਦੇ, ਨਰਮ ਇਲਾਜ

ਅਕਸਰ ਕਿਫ਼ਾਇਤੀ,ਸਮੂਹਿਕ ਸਿਹਤ ਅਤੇ ਸੁੱਖ ‘ਤੇ ਧਿਆਨ

ਕਈ ਲੋਕ ਇਲਾਜ਼ ਵੇਲੇ ਦਿੱਤੇ ਜਾਣ ਵਾਲੇ ਸਮੇਂ ਅਤੇ ਨਿੱਜੀ ਧਿਆਨ ਨੂੰ ਵੀ ਮਹੱਤਵ ਦਿੰਦੇ ਹਨ, ਜੋ ਮਨੋਵਿਗਿਆਨਕ ਸਹੂਲਤ ਅਤੇ ਆਤਮ-ਵਿਸ਼ਵਾਸ ਵਧਾ ਸਕਦਾ ਹੈ।

**ਸੀਮਾਵਾਂ ਅਤੇ ਖ਼ਤਰੇ**

ਇਸ ਨਾਲ ਕੁਝ ਮਹੱਤਵਪੂਰਨ ਚਿੰਤਾਵਾਂ ਵੀ ਜੁੜੀਆਂ ਹੋਈਆਂ ਹਨ:

ਵਿਗਿਆਨਕ ਸਬੂਤਾਂ ਦੀ ਘਾਟ,ਜੀਵ-ਵਿਗਿਆਨਕ ਕਾਰਜ-ਵਿਧੀ ਦੀ ਸਪਸ਼ਟ ਵਿਆਖਿਆ ਨਾ ਹੋਣਾ,ਗੰਭੀਰ ਬਿਮਾਰੀਆਂ ਵਿੱਚ ਢੁੱਕਵੇਂ ਇਲਾਜ ਵਿੱਚ ਦੇਰੀ ਦਾ ਖ਼ਤਰਾ,ਬਹੁਤ ਸਾਰੀਆਂ ਇਲਾਜ਼ ਕੌਂਸਲਾਂ ਵੱਲੋਂ ਮਾਨਤਾ ਪ੍ਰਾਪਤ ਨਾ ਹੋਣਾ,ਸੰਕਰਮਣ, ਕੈਂਸਰ ਜਾਂ ਦਿਲ ਦੀ ਬਿਮਾਰੀ ਵਰਗੀਆਂ ਗੰਭੀਰ ਸਥਿਤੀਆਂ ਵਿੱਚ ਪ੍ਰਮਾਣਿਤ ਇਲਾਜ਼ ਦੀ ਥਾਂ ਇਲੈਕਟ੍ਰੋਹੋਮਿਓਪੈਥੀ ਵਰਤਣਾ ਖਤਰਨਾਕ ਹੋ ਸਕਦਾ ਹੈ।

**ਭਵਿੱਖ ਕੀ ਹੈ?**

ਇਲੈਕਟ੍ਰੋਹੋਮਿਓਪੈਥੀ ਦਾ ਭਵਿੱਖ ਖੋਜ ਅਤੇ ਇਮਾਨਦਾਰੀ ‘ਤੇ ਨਿਰਭਰ ਕਰਦਾ ਹੈ।ਜੇਕਰ ਇਸ ਦੀਆਂ ਦਵਾਈਆਂ ਵਿੱਚ ਸੱਚਮੁੱਚ ਮਹੱਤਤਾ ਹੈ, ਤਾਂ ਉਹਨਾਂ ਨੂੰ:

ਪ੍ਰਯੋਗਸ਼ਾਲਾਵਾਂ ਵਿੱਚ ਢੰਗ ਨਾਲ ਜਾਂਚਿਆ ਜਾਣਾ ਚਾਹੀਦਾ ਹੈ,,ਨਿਯੰਤਰਿਤ ਕਲੀਨਿਕਲ ਟ੍ਰਾਇਲਾਂ ਵਿੱਚ ਅਧਿਐਨ ਕੀਤਾ ਜਾਣਾ ਚਾਹੀਦਾ ਹੈ,,ਸੁਰੱਖਿਆ ਅਤੇ ਗੁਣਵੱਤਾ ਲਈ ਮਿਆਰੀਕ੍ਰਿਤ ਕੀਤਾ ਜਾਣਾ ਚਾਹੀਦਾ ਹੈ।ਜਦ ਤੱਕ ਇਹ ਨਹੀਂ ਹੁੰਦਾ, ਇਲੈਕਟ੍ਰੋਹੋਮਿਓਪੈਥੀ ਸੰਭਵਤ: ਇੱਕ ਪੂਰਕ ਇਲਾਜ ਪੱਧਤੀ ਵਜੋਂ ਹੀ ਰਹੇਗੀ, ਜਿਸਨੂੰ ਆਧੁਨਿਕ ਇਲਾਜ਼ ਦੇ ਨਾਲ ਨਾ ਕਿ ਉਸਦੀ ਥਾਂ — ਵਰਤਣਾ ਚਾਹੀਦਾ ਹੈ।

ਇਲੈਕਟ੍ਰੋਹੋਮਿਓਪੈਥੀ ਇਲਾਜ਼ ਇਤਿਹਾਸ ਦਾ ਇੱਕ ਹਿੱਸਾ ਹੈ ਅਤੇ ਅਜੇ ਵੀ ਕੁਦਰਤੀ ਇਲਾਜ਼ ਦੀ ਖੋਜ ਕਰਨ ਵਾਲੇ ਲੋਕਾਂ ਨੂੰ ਖਿੱਚ ਕਰਦੀ ਹੈ। ਭਾਵੇਂ ਇਹ ਕੁਝ ਲੋਕਾਂ ਨੂੰ ਮਨੋਵਿਗਿਆਨਕ ਸਹੂਲਤ ਅਤੇ ਵਿਅਕਤੀਗਤ ਸੁਧਾਰ ਦੇ ਅਨੁਭਵ ਦੇ ਸਕਦੀ ਹੈ, ਪਰ ਵਿਗਿਆਨ ਨੇ ਅਜੇ ਤੱਕ ਇਸ ਦੀ ਪ੍ਰਭਾਵਸ਼ੀਲਤਾ ਦੀ ਪੁਸ਼ਟੀ ਨਹੀਂ ਕੀਤੀ। ਸਭ ਤੋਂ ਸੁਰੱਖਿਅਤ ਰਸਤਾ ਇਹ ਹੈ ਕਿ ਇਸਦਾ ਵਰਤੋਂ ਸਾਵਧਾਨੀ ਨਾਲ ਕੀਤੀ ਜਾਵੇ, ਜਾਣਕਾਰੀ ਦੇ ਆਧਾਰ ‘ਤੇ ਫੈਸਲੇ ਲਏ ਜਾਣ ਅਤੇ ਪੇਸ਼ੇਵਰ ਸਲਾਹ ਤੋਂ ਬਿਨਾਂ ਜ਼ਰੂਰੀ ਇਲਾਜ਼ ਨੂੰ ਕਦੇ ਵੀ ਨਾ ਛੱਡਿਆ ਜਾਵੇ।

ਸਿਹਤ ਦੇ ਮਾਮਲਿਆਂ ਵਿੱਚ, ਵਿਸ਼ਵਾਸ ਨੂੰ ਸਬੂਤਾਂ ਦੇ ਨਾਲ-ਨਾਲ ਚਲਣਾ ਚਾਹੀਦਾ ਹੈ — ਉਹਨਾਂ ਤੋਂ ਅੱਗੇ ਨਹੀਂ।



**ਡਾ. ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**

# ਮੇਰੀ ਹਰ ਸਾਲ ਕੋਸ਼ਿਸ਼ ਹੁੰਦੀ ਹੈ ਕਿ ਗੁਰੂ ਰਵਿਦਾਸ ਮਹਾਰਾਜ ਜੀ ਦੇ ਸ਼ਬਦ ਦੀ ਸਹੀ ਵਿਆਖਿਆ ਕੀਤੀ ਜਾਵੇ : ਪਰਮਜੀਤ ਦੁਸਾਂਝ

**ਬੰਗਾ( ਚਰਨਜੀਤ ਸੱਲ੍ਹਾਂ )** ਅੱਜ ਮੇਰਾ ਬੜਾ ਮਨ ਵੀ ਸੀ ਅਤੇ ਮੇਰੀ ਹਰ ਵਾਰ ਇਹ ਕੋਸ਼ਿਸ਼ ਵੀ ਹੁੰਦੀ ਹੈ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਤੇ ਉਹਨਾਂ ਦੀ ਬਾਣੀ ਵਿੱਚੋਂ ਕੁਝ ਸ਼ਬਦ ਲੈ ਕੇ ਉਹਨਾਂ ਦੀ ਵਿਚਾਰ ਜੋ ਮੈਨੂੰ ਸਮਝ ਆਈ ਹੈ ਉਹ ਆਪ ਸਭ ਸਾਹਮਣੇ ਰੱਖੀ ਜਾਵੇ ਅਤੇ ਆਪ ਨਾਲ ਵਿਚਾਰ ਕੀਤੀ ਜਾਵੇ। ਪਰ ਕੀ ਕਰਾ ਟਾਇਮ ਹੀ ਨੀ ਲੱਗਾ, ਪਰ ਫੇਰ ਵੀ ਲਿਖਣਾ ਚਾਉਂਦਾ ਰਿਹਾ, ਚਲੋ ਖੈਰ....

ਸੋ ਸਭ ਤੋਂ ਪਹਿਲਾਂ ਆਪ ਸਭ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਗੁਰਪੁਰਬ ਦੀਆਂ ਲੱਖ ਲੱਖ ਮੁਬਾਰਕਾਂ ਹੋਵਣ ਜੀ ...

ਮੈਂ ਹੈਰਾਨ ਹੁੰਦਾ ਕਈ ਵਾਰ ਦੇਖ ਕੇ ਕਿ ਅੱਜ ਦੇ ਸਮੇਂ ਦਾ ਜੇ ਆਪਾਂ ਚੋਮਪਓਰਿਸੋਨ ਉਸ ਵੇਲੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਮੇਂ ਦੇ ਨਾਲ ਕਰੀਏ, ਤਾਂ ਇਹ ਦੇਖਣ ਚ ਮਿਲਦਾ ਕਿ ਅਸੀਂ ਸਰੀਰਕ ਤੌਰ ਤੇ ਭਾਵੇਂ ਆਜ਼ਾਦ ਫਿਜ਼ਾ ਵਿੱਚ ਘੁੰਮ ਰਹੇ ਹਾਂ, ਮਨ ਭਾਉਂਦਾ ਖਾ ਰਹੇ ਹਾਂ ਮਨ ਭਾਉਂਦਾ ਪਹਿਣ ਰਹੇ ਹਾਂ, ਪਰ ਸਾਡੀ ਮਾਨਸਿਕ ਅਵਸਥਾ ਮੲਨਟੳਲਿਟੲ ਅੱਜ ਵੀ ਉੱਥੇ ਹੀ ਟਿਕੀ ਹੋਈ ਹੈ ਜੋ ਉਸ ਵੇਲੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਮੇਂ ਜਿੱਥੇ ਸਮਾਜ ਦੀ ਟਿਕੀ ਹੋਈ ਸੀ।

ਜੇ ਅਸੀਂ ਉਨਾਂ ਵੇਲਿਆਂ ਦੀ ਗੱਲ ਕਰੀਏ ਤਾਂ ਉਸ ਵੇਲੇ ਜੋ ਸਮਾਜ ਦੇ ਹਾਲਾਤ ਸਨ ਕਿ ਸ਼ੂਦਰ ਨੂੰ ਪੜ੍ਹ ਦਾ ਅਧਿਕਾਰ ਨਹੀਂ ਸੀ, ਕਿਸੇ ਤਰਾਂ ਦੀ ਅਜਾਦੀ ਨਹੀਂ ਸੀ, ਬ੍ਰਾਹਮਣ ਦਾ ਕਨੂੰਨ ਤੇ ਬ੍ਰਾਹਮਣ ਦਾ ਸਿਧਾਂਤ ਹੀ ਚਲਦਾ ਸੀ, ਤਾਂ ਇਸ ਦੇ ਬਿਲਕੁਲ ਉਲਟ ਸਾਡੇ ਰਹਿਬਰਾਂ ਮਹਾਂਪੁਰਸ਼ਾਂ ਨੇ ਆਪ ਗਿਆਨ ਹਾਸਲ ਕਰਕੇ ਸਾਨੂੰ ਵੀ ਗਿਆਨ ਨਾਲ ਜੋੜਿਆ ਅਤੇ ਸਦਾ ਹੀ ਸਿੱਖਦੇ ਰਹਿਣ ਦੇ ਲਈ ਸਾਨੂੰ ਪ੍ਰੇਰਿਆ,




ਪਰ ਨਾ ਤਾਂ ਉਸ ਵੇਲੇ ਹੀ ਸਮਾਜ ਇਸ ਗੱਲ ਨੂੰ ਸਮਝਿਆ ਅਤੇ ਨਾ ਅੱਜ, ਤੇ ਦੇਖ ਲਓ ਹਾਲਾਤ ਲਗਭਗ ਅੱਜ ਵੀ ਉਹੀ ਹਨ। ਅਸੀਂ ਸ਼ਬਦ ਗੁਰੂ (ਗਿਆਨ) ਦੇ ਲੜ ਲੱਗਣਾ ਸੀ ਪਰ ਇਸ ਤੋਂ ਉਲਟ ਅਸੀਂ ਪੂਰੀ ਮਨਮਤ ਕਰਕੇ ਅੱਜ ਹੋਰ ਹੀ ਪਾਸੇ ਤੁਰਦੇ ਜਾ ਰਹੇ ਹਨ। ਤੇ ਜੇ ਕੋਈ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਬਹੁਤਿਆਂ ਦਾ ਜਵਾਬ ਇਹ ਹੁੰਦਾ,

ਤੈਨੂੰ ਬਹੁਤ ਪਤਾ....?

ਤੇ ਇਸ ਤੋਂ ਵੀ ਉਲਟ ਗੱਲ ਕਿ ਮਨਮਤ ਕਰਕੇ ਅਸੀਂ ਉਸਦੇ ਮਾਣ ਵੀ ਇਸ ਤਰਾਂ ਕਰਦੇ ਹਾਂ ਜਿੱਦਾਂ ਸਾਨੂੰ ਗੁਰੂ ਦਾ ਹੁਕਮ ਵੀ ਇਹੀ ਹੁੰਦਾ,

ਜਿਨਾਂ ਗੱਲਾਂ ਚੋਂ ਗੁਰੂ ਸਾਹਿਬ ਨੇ ਪੂਰਾ ਜ਼ੋਰ ਲਾ ਕੇ ਸਾਨੂੰ ਕੱਢਣ ਦੀ ਕੋਸ਼ਿਸ਼ ਕੀਤੀ ਅਸੀਂ ਅੱਜ ਉਸ ਤੋਂ ਵੀ ਵੱਧ ਜ਼ੋਰ ਨਾ ਉਸ ਵਿੱਚ ਧਸਦੇ ਜਾ ਰਹੇ ਹਾਂ। ਇਕੱਲਾ ਧਸਦੇ ਹੀ ਨਹੀਂ ਜਾ ਰਹੇ ਸਗੋਂ ਉਸਦੇ ਮਾਣ ਵੀ ਇਸ ਤਰ੍ਹਾਂ ਕਰਦੇ ਹਾਂ ਕਿ ਜਿੱਦਾਂ ਸਾਨੂੰ ਗੁਰੂ ਨੇ ਸਿਖਾਇਆ ਹੀ ਇਹ ਹੁੰਦਾ। ਕਾਰਨ ਇੱਕੋ ਹੈ, ਕਿ ਅਸੀਂ ਗੁਰੂ ਦੀ ਗੱਲ ਨੂੰ ਪੜ੍ਹਦੇ ਸਮਝਦੇ ਵਿਚਾਰਦੇ ਨਹੀਂ, ਬੱਸ ਮੂਰਤੀਆਂ ਪੂਜਣ ਤੇ, ਲੰਗਰਾਂ ਤੇ, ਢੋਲ ਢਮੱਕੇ ਤੇ, ਸ਼ੋਰ ਸ਼ਰਬੇ ਤੇ ਪੂਰਾ ਜ਼ੋਰ ਦਿੱਤਾ ਹੈ। ਇਹੋ ਜਿਹੇ ਲੋਕ ਉਦੋਂ ਵੀ ਸਨ ਤੇ ਇਹੋ ਜਿਹੇ ਲੋਕ ਅੱਜ ਵੀ ਹਨ ਤੇ ਉਨਾਂ ਬਾਰੇ ਹੀ ਗੁਰੂ ਸਾਹਿਬ ਲਿਖਦੇ ਹਨ।

ਗੁਰੂ ਸਾਹਿਬ ਬਾਣੀ ਵਿੱਚ ਲਿਖਦੇ ਹਨ,

"ਹਮ ਬਡ ਕਬ ਕਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ੲੲ

ਗੁਰੂ ਸਾਹਿਬ ਕਹਿੰਦੇ ਕਿ ਮੈਂ ਵਿੱਚ ਫਸੇ ਹੋਇ ਹਰ ਬੰਦੇ ਨੂੰ ਅੱਜ ਇਹ ਭਰਮ ਪਿਆ ਹੋਇਆ ਕਿ ਮੈਂ ਬਹੁਤ ਵੱਡਾ ਕਬ (ਕਵੀ) ਹਾ ),

ਕੁਲੀਨ ( ਚੰਗੀ ਕੁੱਲ ਦਾ ਚੰਗੇ ਖਾਨਦਾਨ ਦਾ ਹਾਂ)

ਹਮ ਪੰਡਿਤ ਅਸੀਂ ਬਹੁਤ ਵੱਡੇ ਪੰਡਿਤ ਹਾਂ ਵਿਦਵਾਨ ਹਾਂ,

ਹਮ ਜੋਗੀ ਸਨਿਆਸੀ ਬਹੁਤ ਵੱਡੇ ਅਸੀਂ ਜੋਗੀ ਸੰਨਿਆਸੀ ਹਾਂ, ਭਾਵੀ ਰੱਬ ਦੇ ਰਾਹ ਤੇ ਤੁਰਨ ਵਾਲੇ ਬੰਦੇ ਹਾਂ।

ਗਿਆਨੀ ਗੁਣੀ ਸੂਰ ਹਮ ਦਾਤੇ ਇਹ ਬਿਧ ਕਬਹਿ ਨ ਜਾਸੀ ੲੲ

"ਗਿਆਨੀ" ਮੈਂ ਬਹੁਤ ਵੱਡਾ ਗਿਆਨੀ ਹਾਂ

"ਗੁਨੀ" ਮੈਂ ਬਹੁਤ ਵੱਡਾ ਗੁਣਵਾਨ ਹਾਂ

"ਸੂਰ " ਮੈਂ ਬਹੁਤ ਵੱਡਾ ਸੂਰਮਾ ਹਾਂ

ਦਾਤੇ ਅਤੇ ਮੈਂ ਬਹੁਤ ਵੱਡਾ ਦਾਤਾ ਹਾਂ

ਇਹ ਬਿਧ ਕਬਹੂ ਨ ਨਾਸੀ,

ਬਸ ਹਰ ਇੱਕ ਦੀ ਬੁੱਧੀ, ਅਕਲ, ਮੱਤ ਇਹੋ ਜਿਹੀ ਹੀ ਬਣੀ ਹੋਈ ਹੈ ਕਿ ਹਰ ਕੋਈ ਮੈਂ ਵਿੱਚ ਫਸਿਆ ਹੋਇਆ ਫਿਰਦਾ ਹੈ। ਪੱਲੇ ਭਾਵੇਂ ਕੱਖ ਨਾ ਹੋਵੇ ਪਰ ਆਪਣੇ ਆਪ ਨੂੰ ਉੱਚੀ ਕੁਲ ਦਾ ਚੰਗਾ ਸੂਰਮਾ ਗੁਣੀ ਗਿਆਨੀ ਸਮਝਦਾ ਹੈ, ਪਰ ਅਸਲ ਦੇ ਵਿੱਚ ਹੁੰਦੇ ਕੁਝ ਵੀ ਨਹੀਂ,

ਇਸੇ ਗੱਲ ਦੀ ਪ੍ਰੋੜਤਾ ਕਰਦੇ ਹੋਏ ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿੱਚ ਲਿਖਦੇ ਹਨ,

"ਨਾਨਕ ਸੇ ਨਰ ਅਸਲ ਖਰ ਜੇ ਬਿਨੁ ਗੁਣ ਗਰਭ ਕਰੰਤ"

ਹੰਕਾਰ ਤਾਂ ਵੈਸੇ ਆਪਣੇ ਗੁਣ ਦਾ ਵੀ ਨਹੀਂ ਕਰਨਾ ਚਾਹੀਦਾ ਪਰ ਕੀ ਕਰੋਗੇ ਜੀ ਉਹਨਾਂ ਦਾ ਜੋ ਆਪਣੇ ਔਗੁਣਾਂ ਦਾ ਵੀ ਹੰਕਾਰ ਕਰਦੇ ਹਨ, ਮਤਲਬ ਪੂਰੀ ਫੁਕਰਬਾਜੀ ਮਾਰਦੇ ਹਨ। ਸੋ ਉਹਨਾਂ ਵਾਰੇ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਉਹ ਲੋਕ ਇਸ ਦੁਨੀਆਂ ਵਿੱਚ (ਅਸਲ ਖਰ, ਖਰ ਕਹਿੰਦੇ ਖੋਤੇ ਨੂੰ ) ਅਸਲ ਵਿੱਚ ਉਹ ਖੋਤੇ ਹਨ ਜੋ ਆਪਣੇ ਔਗੁਣ ਦਾ ਵੀ ਹੰਕਾਰ ਕਰਦੇ ਹਨ,

ਤੇ ਮਾਰ ਕੇ ਦੇਖਿਓ ਆਪਣੇ ਆਸੇ ਪਾਸੇ ਝਾਤ ਤੁਹਾਨੂੰ ਇਹੋ ਜਿਹੇ ਅਸਲ ਖਰ (ਖੋਤੇ) ਕਿੰਨੇ ਮਿਲ ਜਾਣਗੇ ਜਿਨਾਂ ਦਾ ਗੁਰੂ ਗਿਆਨ ਨਾਲ ਗੁਰੂ ਰਵਿਦਾਸ ਮਹਾਰਾਜ ਨਾਲ, ਗੁਰੂ ਨਾਨਕ ਸਾਹਿਬ,ਨਾਲ ਕੋਈ ਬਾ ਵਾਸਤਾ ਨਹੀਂ ਹੁੰਦਾ, ਪਰ ਹਰੇਕ ਨੂੰ ਗੁਰੂਆਂ ਵਾਰੇ ਮੱਤਾ ਦਿੰਦੇ ਫਿਰਨਗੇ। ਤੇ ਉਲਟਾ ਆਪਣਾ ਗਿਆਨ ਚੱਕੀ ਫਿਰਨਗੇ ਤੇ ਦੂਜੇ ਨੂੰ ਸ਼ੂਦਰ ਹੀ ਸਮਝਦੇ ਹਨ।

ਤੇ ਰਵਿਦਾਸ ਮਹਾਰਾਜ ਇਹਨਾਂ ਬਾਰੇ ਅੱਗੇ ਲਿਖਦੇ ਹਨ "ਕਹਿ ਰਵਿਦਾਸ ਸਭੈ ਨਹੀ ਸਮਝਸ ਭੁਲ ਪਰੇ ਜੈਸੇ ਬਉਰੇ" ਗੁਰੂ ਸਾਹਿਬ ਕਹਿੰਦੇ ਗਿਆਨ ਦੀਆਂ ਗੱਲਾਂ ਨੂੰ ਹਰ ਕੋਈ ਨਹੀਂ ਸਮਝਦਾ ਹੁੰਦਾ, ਸਾਰੇ ਨਹੀਂ ਸਮਝ ਲੈਂਦੇ, ਬਹੁਤੇ ਤਾਂ ਆਪਣੀ ਜ਼ਿੰਦਗੀ ਭੁੱਲਾਂ ਭੁਲੇਖਿਆਂ ਦੇ ਵਿੱਚ ਬੌਰੇ ਬਣ ਕੇ ਹੀ ਬਤੀਤ ਕਰਦੇ ਹਨ.। ਭਾਵ ਕਦੇ ਅਸਲ ਨੂੰ ਨਹੀਂ ਸਮਝਦੇ ਬਸ ਨਕਲ ਦੀ ਕਾਪੀ ਕਰਦੇ ਹਨ। ਇਹੋ ਜਿਹੇ ਲੋਕ ਦੂਸਰਿਆਂ ਨੂੰ ਵੀ ਆਪਣੇ ਪੱਧਰ ਤੇ ਲਿਆ ਕੇ ਸੁੱਟਣਾ ਚਾਹੁੰਦੇ ਹਨ।

ਸੋ ਆਓ ਆਪਾਂ ਇਹੋ ਜਿਹੇ ਅਸਲ ਖਰਾਂ ਤੋਂ ਤੌਬਾ ਕਰਦੇ ਹੋਏ ਇਹਨਾਂ ਨਾਲ ਬਹਿਸ ਕਰਨ, ਲੜਨ ਜਾਂ ਓਰਗੁ-ਮੲਨਟ ਕਰਨ ਦੀ ਬਜਾਏ ਗੁਰੂ ਦੀ ਬਣੀ ਨੂੰ ਆਪ ਸਮਝੀਏ ਵਿਚਾਰੀਏ ਤੇ ਉਸ ਤੇ ਚਲਣ ਦਾ ਯਤਨ ਕਰੀਏ, ਆਪਣੇ ਬੱਚਿਆਂ ਨੂੰ ਉਹਨਾਂ ਦੀ ਬਾਣੀ ਨਾਲ ਜੋੜੀਏ ਉਹਨਾਂ ਦੇ ਜੀਵਨ ਸੰਘਰਸ਼ ਬਾਰੇ ਜਾਣੂ ਕਰਵਾਈਏ ਅਤੇ ਉਨਾਂ ਦੇ ਦੱਸੇ ਹੋਏ ਮਾਰਗ ਤੇ ਆਪਣੇ ਬੱਚਿਆਂ ਨੂੰ ਵੀ ਚੱਲਣ ਦੀ ਸਿੱਖਿਆ ਦੇਈਏ,

ਜੋ ਆਪਣੇ ਆਪ ਨੂੰ ਬਹੁਤ ਵੱਡੇ ਕਵੀ, ਬਹੁਤ ਵੱਡੇ ਗਾਇਕ ਵੱਡੀ ਕੁੱਲ ਵਾਲੇ, ਵੱਡੀ ਜਾਂਤ ਵਾਲੇ ਜਾਂ ਵੱਡੇ ਖਾਨਦਾਨ ਵਾਲੇ, ਚੰਗੇ ਗੁਣੀ ਗਿਆਨੀ ਸੂਰਮੇ ਸਮਝਦੇ ਹੋਣ ਉਹਨਾਂ ਤੋਂ ਉਸੇ ਤਰ੍ਹਾਂ ਇਹ ਕਹਿ ਕੇ ਪਾਸਾ ਵੱਟੀ, ਜੋ ਸਾਡੇ ਗੁਰੂ ਸਾਹਿਬਾਨਾਂ ਨੇ ਉਸ ਵੇਲੇ ਉਹਨਾਂ ਨੂੰ ਇਹ ਕਹਿ ਵੱਟ ਲਿਆ ਸੀ,

"ਮੂਰਖ ਨਾਲ ਨਾ ਲੁਝੀਐ ਪੜ ਅੱਖਰ ਇਹੋ ਬੁਝੀਐ ੲੲ

ਹੇ ਬੰਦਿਆ ਜੇ ਤੂੰ ਕੋਈ ਅੱਖਰ ਗਿਆਨ ਦਾ ਪੜ ਸਮਝ ਲਿਆ ਹੈ, ਯਾਰ ਤੈਨੂੰ ਗਿਆਨ ਲੈ ਕੇ ਜਿੰਦਗੀ ਜਿਉਣ ਦਾ ਢੰਗ ਆ ਗਿਆ ਹੈ ਤਾਂ ਮੂਰਖਾਂ ਨਾਲ ਬਹਿਸ ਨਾ ਕਰ, ਕਿਉਂਕਿ ਇਹਨਾਂ ਨੂੰ ਤਾਂ ਗੁਰੂ ਸਾਹਿਬ ਨਹੀਂ ਸਮਝਾ ਸਕੇ,

ਅਤੇ ਇਹੀ ਮੂਰਖ ਤੈਨੂੰ ਆਪਣੇ ਪੱਧਰ ਤੇ ਲਿਜਾ ਕੇ ਸੁੱਟਣਗੇ,

ਇੱਕ ਵਾਰ ਫੇਰ ਗੁਰੂ ਰਵਿਦ-ਾਸ ਮਹਾਰਾਜ ਜੀ ਦੇ ਗੁਰਪੁਰਬ ਦੀਆਂ ਆਪ ਸਭ ਸੰਗਤਾਂ ਨੂੰ ਲੱਖ ਲੱਖ ਮੁਬਾਰਕਾਂ,

**ਵਾਹਿਗੁਰੂ ਜੀ ਕਾ ਖਾਲਸਾ**
**ਵਾਹਿਗੁਰੂ ਜੀ ਕੀ ਫਤਿਹ**

# ਭਾਰਤ ਦਾ ਵਧਦਾ ਕੈਂਸਰ ਸੰਕਟ: ਮੌਤਾਂ ਕਿਉਂ ਜ਼ਿਆਦਾ ਹਨ?

**ਫਰਵਰੀ 4 ਵਿਸ਼ਵ ਕੈਂਸਰ ਦਿਵਸ ਤੇ ਵਿਸ਼ੇਸ਼:**

"ਕੈਂਸਰ" ਭਾਰਤ ਵਿੱਚ, ਇਹ ਹਰ ਰਾਜ ਵਿੱਚ ਪਰਿਵਾਰਾਂ ਲਈ ਇੱਕ ਰੋਜ਼ਾਨਾ ਹਕੀਕਤ ਬਣ ਗਈ ਹੈ। ਹਰ ਸਾਲ 1.14 ਮਿਲੀਅਨ ਤੋਂ ਵੱਧ ਨਵੇਂ ਕੈਂਸਰ ਦੇ ਕੇਸਾਂ ਦਾ ਪਤਾ ਲਗਾਇਆ ਜਾਂਦਾ ਹੈ, ਅਤੇ ਨਵੇਂ ਨਿਦਾਨ ਕੀਤੇ ਗਏ ਲੋਕਾਂ ਦੀ ਗਿਣਤੀ ਦੇ ਮੁਕਾਬਲੇ ਮੌਤਾਂ ਦੀ ਗਿਣਤੀ ਜ਼ਿਆਦਾ ਹੈ। ਇਹ ਪਾੜਾ ਇੱਕ ਦਰਦਨਾਕ ਕਹਾਣੀ ਦੱਸਦਾ ਹੈ। ਬਹੁਤ ਸਾਰੇ ਲੋਕਾਂ ਨੂੰ ਦੇਰ ਨਾਲ ਪਤਾ ਲੱਗਦਾ ਹੈ, ਜਦੋਂ ਇਲਾਜ ਔਖਾ ਹੁੰਦਾ ਹੈ ਅਤੇ ਨਤੀਜੇ ਬਦਤਰ ਹੁੰਦੇ ਹਨ। ਦੇਖਭਾਲ ਲਈ ਲੰਬੀ ਯਾਤਰਾ, ਭਰੇ ਹਸਪਤਾਲ, ਵੱਡੇ ਜੇਬ ਖਰਚੇ, ਅਤੇ ਨਿਰਣਾ ਕੀਤੇ ਜਾਣ ਦਾ ਡਰ ਅਤੇ ਕੈਂਸਰ ਸਿਰਫ਼ ਇੱਕ ਡਾਕਟਰੀ ਸਮੱਸਿਆ ਨਹੀਂ ਰਹਿ ਜਾਂਦਾ। ਇਹ ਇੱਕ ਸਮਾਜਿਕ ਅਤੇ ਵਿੱਤੀ ਸੰਕਟ ਵੀ ਬਣ ਚੁੱਕਾ ਹੈ।

ਮੌਜੂਦਾ ਤਿੰਨ ਸਾਲਾਂ ਦੇ ਚੱਕਰ (2025-2027) ਲਈ, ਗਲੋਬਲ ਥੀਮ "ਯੂਨਾਈਟਿਡ ਬਾਈ ਯੂਨੀਕ" ਹੈ। ਇਹ ਮੁਹਿੰਮ ਲੋਕ-ਕੇਂਦ੍ਰਿਤ ਪਹੁੰਚ 'ਤੇ ਕੇਂਦ੍ਰਿਤ ਹੈ, ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਹਰ ਕੈਂਸਰ ਯਾਤਰਾ ਵਿਲੱਖਣ ਹੈ ਅਤੇ ਸਿਹਤ ਪ੍ਰਣਾਲੀਆਂ ਨੂੰ ਸਿਰਫ਼ ਬਿਮਾਰੀ ਦੀ ਬਜਾਏ ਵਿਅਕਤੀਗਤ ਜ਼ਰੂਰਤਾਂ ਦੇ ਅਨੁਸਾਰ ਬਣਾਇਆ ਜਾਣਾ ਚਾਹੀਦਾ ਹੈ।

ਕੈਂਸਰ ਦੀ ਦਰ ਇੱਕ ਕਾਰਨ ਕਰਕੇ ਨਹੀਂ ਵਧਦੀ।ਉਹ ਬਦਲਦੀਆਂ ਆਦਤਾਂ, ਬਦਲਦੇ ਵਾਤਾਵਰਣ, ਅਤੇ ਰੋਕਥਾਮ ਵਿੱਚ ਲੰਬੇ ਸਮੇਂ ਤੋਂ ਚੱਲ ਰਹੇ ਪਾੜੇ ਦਾ ਮਿਸ਼ਰਣ ਹੈ। ਇਸਦਾ ਪ੍ਰਭਾਵ ਵੀ ਬਰਾਬਰ ਸਾਂਝਾ ਨਹੀਂ ਕੀਤਾ ਜਾਂਦਾ ਹੈ। ਇੱਕ ਵੱਡੇ ਸ਼ਹਿਰ ਵਿੱਚ ਜੋਖਮ ਪਿੰਡ ਨਾਲੋਂ ਵੱਖਰਾ ਦਿਖਾਈ ਦਿੰਦਾ ਹੈ, ਅਤੇ ਉਹਨਾਂ ਲੋਕਾਂ ਲਈ ਜੋ ਬਾਹਰ, ਫੈਕਟਰੀਆਂ ਵਿੱਚ, ਜਾਂ ਧੂੰਏਂ ਵਾਲੇ ਹਵਾ ਵਾਲੇ ਘਰਾਂ ਦੇ ਅੰਦਰ ਕੰਮ ਕਰਦੇ ਹਨ, ਵੱਖਰਾ ਦਿਖਾਈ ਦਿੰਦਾ ਹੈ।

ਪੈਟਰਨ ਆਮਦਨ ਅਤੇ ਲਿੰਗ ਦੁਆਰਾ ਵੀ ਬਦਲਦੇ ਹਨ। ਘੱਟ ਆਮਦਨ ਵਾਲੇ ਲੋਕ ਅਕਸਰ ਜੋਖਮਾਂ ਅਤੇ ਬਾਅਦ ਵਿੱਚ ਨਿਦਾਨ ਦੇ ਉੱਚੇ ਸੰਪਰਕ ਦਾ ਸਾਹਮਣਾ ਕਰਦੇ ਹਨ। ਸਮਾਜਿਕ ਦਬਾਅ, ਦੇਖਭਾਲ ਕਰਨ ਦੇ ਫਰਜ਼ਾਂ ਅਤੇ ਗੋਪਨੀਯਤਾ ਦੀਆਂ ਚਿੰਤਾਵਾਂ ਦੇ ਕਾਰਨ ਔਰਤਾਂ ਨੂੰ ਵਾਧੂ ਦੇਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਮਰਦਾਂ ਨੂੰ ਤੰਬਾਕੂ ਅਤੇ ਸ਼ਰਾਬ ਨਾਲ ਜੁੜੇ ਕੈਂਸਰਾਂ ਲਈ ਵਧੇਰੇ ਜੋਖਮ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਥਾਨਕ ਤੰਬਾਕੂ ਦੀ ਵਰਤੋਂ, ਖੁਰਾਕ, ਲਾਗ ਦਰਾਂ ਅਤੇ ਸਕ੍ਰੀਨਿੰਗ ਤੱਕ ਪਹੁੰਚ ਦੇ ਆਧਾਰ 'ਤੇ ਖੇਤਰ ਵੀ ਵੱਖੋ-ਵੱਖਰੇ ਸਾਹਮਣੇ ਆ ਰਹੇ ਹਨ। ਤੰਬਾਕੂ ਅਜੇ ਵੀ ਸਭ ਤੋਂ ਖਤਰਨਾਕ ਅਲਾਰਮ ਘੰਟੀ ਹੈ। ਇਹ ਸਿਰਫ਼ ਸਿਗਰਟ ਹੀ ਨਹੀਂ ਹੈ। ਧੂੰਆਂ ਰਹਿਤ ਤੰਬਾਕੂ (ਗੁਟਖਾ, ਤੰਬਾਕੂ ਵਾਲਾ ਪਾਨ) ਮੂੰਹ ਦੇ ਕੈਂਸਰ ਨੂੰ ਖੁਦ ਸੱਦਾ ਦੇਣ ਦੇ ਬਰਾਬਰ ਹੈ, ਅਤੇ ਲੱਛਣਾਂ ਦੇ "ਗੰਭੀਰ" ਮਹਿਸੂਸ ਹੋਣ ਤੋਂ ਪਹਿਲਾਂ ਇਸਨੂੰ ਸਾਲਾਂ ਤੱਕ ਚੁੱਪਚਾਪ ਵਰਤਿਆ ਜਾ ਰਿਹਾ ਹੈ।

ਸ਼ਰਾਬ ਜੋਖਮ ਨੂੰ ਵਧਾਉਂਦੀ ਹੈ, ਖਾਸ ਕਰਕੇ ਜਦੋਂ ਤੰਬਾਕੂ ਨਾਲ ਜੋੜਿਆ ਜਾਂਦਾ ਹੈ। ਖੁਰਾਕ ਵੀ ਬਦਲ ਰਹੀ ਹੈ। ਬਹੁਤ ਸਾਰੇ ਪਰਿਵਾਰ ਹੁਣ ਪੈਕ ਕੀਤੇ ਭੋਜਨ, ਮਿੱਠੇ ਪੀਣ ਵਾਲੇ ਪਦਾਰਥਾਂ ਅਤੇ ਵੱਧ-ਲੂਣ ਵਾਲੇ ਸਨੈਕਸ 'ਤੇ ਵਧੇਰੇ ਨਿਰਭਰ ਕਰਦੇ ਹਨ। ਭਾਰ ਵਧਣਾ ਅਤੇ ਘੱਟ ਸਰੀਰਕ ਗਤੀਵਿਧੀ, ਜੋ ਇਹ ਸਮੇਂ ਦੇ ਨਾਲ ਕਈ ਕੈਂਸਰਾਂ ਦਾ ਜੋਖਮ ਵਧਾਉਂਦਾ ਹੈ।

ਫਿਰ ਉਹ ਹਵਾ ਹੈ ਜੋ ਅਸੀਂ ਸਾਹ ਲੈਂਦੇ ਹਾਂ। ਬਾਹਰੀ ਹਵਾ ਪ੍ਰਦੂਸ਼ਣ ਬਹੁਤ ਸਾਰੇ ਸ਼ਹਿਰਾਂ ਵਿੱਚ ਨਿਰੰਤਰ ਮੌਜੂਦ ਹੈ। ਖਾਣਾ ਪਕਾਉਣ ਤੋਂ ਘਰ ਦੇ ਅੰਦਰ ਧੂੰਆਂ ਅਜੇ ਵੀ ਕੁਝ ਘਰਾਂ ਨੂੰ ਪ੍ਰਭਾਵਿਤ ਕਰਦਾ ਹੈ, ਖਾਸ ਕਰਕੇ ਜਿੱਥੇ ਸਾਫ਼ ਬਾਲਣ ਦੀ ਪਹੁੰਚ ਸੀਮਤ ਹੈ। ਕੰਮ ਵਾਲੀ ਥਾਂ 'ਤੇ ਐਕਸਪੋਜਰ ਵੀ ਮਾਇਨੇ ਰੱਖਦਾ ਹੈ, ਜਿਵੇਂ ਕਿ ਧੂੜ, ਧੂੰਏਂ ਅਤੇ ਕੁਝ ਖਾਸ ਕੰਮਾਂ ਵਿੱਚ ਰਸਾਇਣ, ਜਦੋਂ ਸੁਰੱਖਿਆ ਕਮਜ਼ੋਰ ਹੁੰਦੀ ਹੈ।ਕੁਝ ਲਾਗਾਂ ਕੈਂਸਰ ਨਾਲ ਜੁੜੀਆਂ ਹੁੰਦੀਆਂ ਹਨ, ਅਤੇ ਉਹਨਾਂ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। (ਫੜ) ਐਚ ਪੀ ਵੀ ਸਰਵਾਈਕਲ ਕੈਂਸਰ ਨਾਲ ਜੁੜਿਆ ਹੋਇਆ ਹੈ। ਹੈਪੇਟਾਈਟਸ ਬੀ ਅਤੇ ਸੀ ਜਿਗਰ ਦੇ ਕੈਂਸਰ ਦਾ ਕਾਰਨ ਬਣ ਸਕਦੇ ਹਨ। ਟੀਕੇ ਐਚ ਪੀ ਵੀ ਅਤੇ ਹੈਪੇਟਾਈਟਸ ਬੀ) ਹਰ ਕੈਂਸਰ ਨੂੰ ਨਹੀਂ ਰੋਕਦੇ, ਪਰ ਉਹ ਕੁਝ ਹੱਦ ਤੱਕ ਇਸ ਨੂੰ ਫੈਲਣ ਤੋਂ ਰੋਕ ਸਕਦੇ ਹਨ।

ਕੁਝ ਕੈਂਸਰ ਭਾਰਤ ਵਿੱਚ ਵਧੇਰੇ ਦਿਖਾਈ ਦਿੰਦੇ ਹਨ, ਅਤੇ ਦੇਰ ਨਾਲ ਪਤਾ ਲਗਾਉਣਾ ਉਹਨਾਂ ਨੂੰ ਘਾਤਕ ਬਣਾਉਂਦਾ ਹੈ

ਕਈ ਕੈਂਸਰ ਭਾਰਤ ਵਿੱਚ ਆਮ ਹੀ ਦੇਖਣ ਨੂੰ ਮਿਲਦੇ ਹਨ, ਜਿਸ ਵਿੱਚ ਮੂੰਹ, ਸਰਵਾਈਕਲ, ਛਾਤੀ, ਫੇਫੜੇ ਅਤੇ ਕੋਲੋਰੈਕਟਲ ਕੈਂਸਰ ਸ਼ਾਮਲ ਹਨ। "ਦੇਰ ਨਾਲ ਪੜਾਅ" ਦਾ ਆਮ ਤੌਰ 'ਤੇ ਮਤਲਬ ਹੈ ਕਿ ਕੈਂਸਰ ਵੱਡਾ ਹੋ ਗਿਆ ਹੈ, ਨੇੜਲੇ ਟਿਸ਼ੂਆਂ ਵਿੱਚ ਫੈਲ ਗਿਆ ਹੈ, ਜਾਂ ਸਰੀਰ ਦੇ ਹੋਰ ਹਿੱਸਿਆਂ ਵਿੱਚ ਚਲਾ ਗਿਆ ਹੈ। ਇਲਾਜ ਅਜੇ ਵੀ ਮਦਦ ਕਰ ਸਕਦਾ ਹੈ, ਪਰ ਇਹ ਹੋਰ ਵੀ ਗੁੰਝਲਦਾਰ, ਮਹਿੰਗਾ ਅਤੇ ਜੋ ਆਮ ਵਿਆਕਤੀ ਲਈ ਔਖਾ ਹੋ ਜਾਂਦਾ ਹੈ।

ਲੱਛਣ ਵੀ ਖੁੰਝ ਜਾਂਦੇ ਹਨ। ਮੂੰਹ ਦਾ ਅਲਸਰ ਜੋ ਠੀਕ ਨਹੀਂ ਹੁੰਦਾ, ਛਾਤੀ ਦਾ ਗੰਢ ਜਿਸਨੂੰ ਅਣਦੇਖਾ ਕੀਤਾ ਜਾਂਦਾ ਹੈ, ਮੌਸਮ ਜਾਂ ਪ੍ਰਦੂਸ਼ਣ ਕਾਰਨ ਲੰਮੀ ਖੰਘ, ਅਸਧਾਰਨ ਖੂਨ ਵਗਣਾ ਜੋ ਚਰਚਾ ਕਰਨ ਲਈ ਬਹੁਤ ਨਿੱਜੀ ਮਹਿਸੂਸ ਹੁੰਦਾ ਹੈ, ਇਹਨਾਂ ਨੂੰ ਇੱਕ ਪਾਸੇ ਧੱਕਣਾ ਆਸਾਨ ਹੁੰਦਾ ਹੈ ਜਦੋਂ ਜ਼ਿੰਦਗੀ ਰੁਝੇਵਿਆਂ ਵਾਲੀ ਹੁੰਦੀ ਹੈ। ਡਰ ਵੀ ਇੱਕ ਭੂਮਿਕਾ ਨਿਭਾਉਂਦਾ ਹੈ। ਬਹੁਤ ਸਾਰੇ ਲੋਕ ਇਹ ਨਹੀਂ ਜਾਣਨਾ ਚਾਹੁੰਦੇ, ਜਦੋਂ ਤੱਕ ਉਹ ਇਸ ਬਿਮਾਰੀ ਨਾਲ ਡਿੱਗ ਨਹੀਂ ਪੈਂਦੇ।

ਭਾਰਤ ਦੀ ਚੁਣੌਤੀ ਸਿਰਫ ਕੈਂਸਰ ਲੱਭਣਾ ਹੀ ਨਹੀਂ ਹੈ। ਇਹ ਲੋਕਾਂ ਨੂੰ ਪਹਿਲੇ ਲੱਛਣ ਤੋਂ ਪੁਸ਼ਟੀ ਕੀਤੇ ਨਿਦਾਨ ਤੱਕ ਇਲਾਜ ਵੱਲ ਲੈ ਜਾ ਰਿਹਾ ਹੈ ਬਿਨਾਂ ਹਫ਼ਤੇ ਅਤੇ ਮਹੀਨੇ ਗੁਆਏ। ਹਰ ਦੇਰੀ ਬਿਮਾਰੀ ਦੇ ਵਧਣ ਦੀ ਸੰਭਾਵਨਾ ਨੂੰ ਵਧਾਉਂਦੀ ਹੈ।

ਦੇਖਭਾਲ ਤੱਕ ਪਹੁੰਚ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿੱਥੇ ਰਹਿੰਦੇ ਹੋ, ਤੁਸੀਂ ਕੀ ਕਮਾਉਂਦੇ ਹੋ, ਅਤੇ ਤੁਸੀਂ ਕਿਸ ਨੂੰ ਜਾਣਦੇ ਹੋ

ਕੈਂਸਰ ਦੀ ਦੇਖਭਾਲ ਬਰਾਬਰ ਫੈਲੀ ਨਹੀਂ ਹੈ। ਵੱਡੇ ਕੈਂਸਰ ਕੇਂਦਰ ਅਤੇ ਬਹੁਤ ਸਾਰੇ ਮਾਹਰ ਵੱਡੇ ਸ਼ਹਿਰਾਂ ਵਿੱਚ ਸਥਿਤ ਹਨ। ਜੇ ਤੁਸੀਂ ਦੂਰ ਰਹਿੰਦੇ ਹੋ, ਤਾਂ ਤੁਹਾਨੂੰ ਯਾਤਰਾ ਦੇ ਦਿਨਾਂ, ਵਾਰ-ਵਾਰ ਯਾਤਰਾਵਾਂ, ਅਤੇ ਇੱਕ ਦੇਖਭਾਲ ਕਰਨ ਵਾਲੇ ਦੀ ਲੋੜ ਹੋ ਸਕਦੀ ਹੈ ਜੋ ਕੰਮ ਤੋਂ ਛੁੱਟੀ ਲੈ ਸਕੇ।

ਜਦੋਂ ਕੋਈ ਦੇਖਭਾਲ 'ਤੇ ਪਹੁੰਚਦਾ ਹੈ, ਤਾਂ ਵੀ ਰਸਤੇ ਵਿੱਚ ਦੇਰੀ ਹੋ ਜਾਂਦੀ ਹੈ: ਪਹਿਲੀ ਕਲੀਨਿਕ ਫੇਰੀ, ਰੈਫਰਲ, ਸਕੈਨ, ਬਾਇਓਪਸੀ, ਸਟੇਜਿੰਗ ਟੈਸਟ, ਫਿਰ ਇਲਾਜ ਪ੍ਰਾਪਤ ਕਰਨਾ। ਜਨਤਕ ਹਸਪਤਾਲਾਂ ਵਿੱਚ ਜ਼ਿਆਦਾ ਭੀੜ ਅਤੇ ਨਿੱਜੀ ਦੇਖਭਾਲ ਅਸਮਰੱਥ ਹੋ ਸਕਦੀ ਹੈ, ਇੱਥੋਂ ਤੱਕ ਕਿ ਮੱਧ-ਸ਼੍ਰੇਣੀ ਦੇ ਪਰਿਵਾਰਾਂ ਲਈ ਵੀ।

ਅਪਰੇਸ਼ਨ, ਰੇਡੀਏਸ਼ਨ, ਅਤੇ ਦਵਾਈਆਂ ਨੂੰ ਅਕਸਰ ਸਾਵਧਾਨ ਸਮੇਂ ਅਤੇ ਟੀਮ ਵਰਕ ਦੀ ਲੋੜ ਹੁੰਦੀ ਹੈ। ਜਦੋਂ ਪੈਥੋਲੋਜੀ ਜਾਂ ਇਮੇਜਿੰਗ ਹੌਲੀ ਹੁੰਦੀ ਹੈ, ਤਾਂ ਸਭ ਕੁਝ ਹੌਲੀ ਹੋ ਜਾਂਦਾ ਹੈ। ਪੈਲੀਏਟਿਵ ਕੇਅਰ ਉਹ ਹੈ ਜੋ ਦਰਦ ਤੋਂ ਰਾਹਤ, ਲੱਛਣ ਨਿਯੰਤਰਣ, ਅਤੇ ਘਰੇਲੂ ਸਹਾਇਤਾ ਕਿਸੇ ਵੀ ਪੜਾਅ 'ਤੇ ਚੰਗੀ ਕੈਂਸਰ ਦੇਖਭਾਲ ਦਾ ਹਿੱਸਾ ਹਨ। ਇਹ "ਹਾਰ ਮੰਨਣਾ" ਨਹੀਂ ਹੁੰਦਾ।

ਕਲੰਕ ਬਿਮਾਰੀ ਜਿੰਨਾ ਭਾਰੀ ਹੋ ਸਕਦਾ ਹੈ। ਕੁਝ ਲੋਕ ਡਰਦੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਕੈਂਸਰ ਲਈ ਦੋਸ਼ੀ ਠਹਿਰਾਇਆ ਜਾਵੇਗਾ, ਜਾਂ "ਛੂਤਕਾਰੀ" ਵਜੋਂ ਦੇਖਿਆ ਜਾਵੇਗਾ, ਜਾਂ ਕੰਮ 'ਤੇ ਵੱਖਰੇ ਢੰਗ ਨਾਲ ਇਲਾਜ ਕੀਤਾ ਜਾਵੇਗਾ। ਪਰਿਵਾਰ ਵਿਆਹ ਦੀਆਂ ਸੰਭਾਵਨਾਵਾਂ ਬਾਰੇ ਚਿੰਤਾ ਕਰ ਸਕਦੇ ਹਨ, ਖਾਸ ਕਰਕੇ ਨੌਜਵਾਨ ਔਰਤਾਂ ਲਈ। ਕੁਝ ਘਰਾਂ ਵਿੱਚ, ਰਿਸ਼ਤੇਦਾਰ ਚੁੱਪੀ ਚੁਣਦੇ ਹਨ ਅਤੇ ਕਹਿੰਦੇ ਹਨ, "ਮਰੀਜ਼ ਨੂੰ ਨਾ ਦੱਸੋ," ਇਹ ਸੋਚ ਕੇ ਕਿ ਉਹ ਉਨ੍ਹਾਂ ਦੀ ਰੱਖਿਆ ਕਰ ਰਹੇ ਹਨ।

ਉਹ ਚੁੱਪੀ ਸਕ੍ਰੀਨਿੰਗ, ਫਾਲੋ-ਅੱਪ, ਅਤੇ ਇੱਥੋਂ ਤੱਕ ਕਿ ਬੁਨਿਆਦੀ ਯੋਜਨਾਬੰਦੀ ਨੂੰ ਵੀ ਰੋਕ ਸਕਦੀ ਹੈ। ਇਹ ਮਰੀਜ਼ ਨੂੰ ਅਲੱਗ-ਥਲੱਗ ਮਹਿਸੂਸ ਵੀ ਕਰ ਸਕਦੀ ਹੈ, ਜਿਵੇਂ ਕਿ ਉਹ ਕੋਈ ਭੇਤ ਲੈ ਕੇ ਜਾ ਰਹੇ ਹਨ। ਅਸਲ ਵਿਚ ਕੈਂਸਰ ਵਾਲੇ ਵਿਅਕਤੀ ਨੂੰ ਸਪੱਸ਼ਟ ਤੱਥਾਂ, ਵਿਕਲਪਾਂ ਅਤੇ ਸਹਾਇਤਾ ਦੀ ਲੋੜ ਹੁੰਦੀ ਹੈ।

ਤਿੰਨ ਟੀਚੇ ਜੋ ਅਸੀਂ ਕਰ ਸਕਦੇ ਹਾਂ ਉਸਨੂੰ ਰੋਕੋ, ਕੈਂਸਰ ਨੂੰ ਜਲਦੀ ਫੜੋ, ਅਤੇ ਇਲਾਜ ਨੂੰ ਤੇਜ਼ ਅਤੇ ਵਧੇਰੇ ਕਿਫਾਇਤੀ ਬਣਾਉ। ਇਸ ਵਿੱਚੋਂ ਕਿਸੇ ਨੂੰ ਵੀ ਜਾਦੂ ਦੀ ਲੋੜ ਨਹੀਂ ਹੈ। ਇਸ ਲਈ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਰੋਕਥਾਮ ਅਤੇ ਸ਼ੁਰੂਆਤੀ ਖੋਜ ਘੱਟ ਤੋਂ ਘੱਟ ਲਾਗਤ 'ਤੇ ਸਭ ਤੋਂ ਵੱਧ ਜਾਨਾਂ ਬਚਾ ਸਕਦੀ ਹੈ।

ਰੋਕਥਾਮ ਜਿਸ ਵਿੱਚ ਧੂੰਆਂ ਰਹਿਤ ਤੰਬਾਕੂ ਵੀ ਸ਼ਾਮਲ ਹੈ। (ਫੜ ਟੀਕਾਕਰਨ ਭਵਿੱਖ ਵਿੱਚ ਸਰਵਾਈਕਲ ਕੈਂਸਰ ਦੇ ਬੋਝ ਨੂੰ ਘਟਾ ਸਕਦਾ ਹੈ। ਹੈਪੇਟਾਈਟਸ ਬੀ ਟੀਕਾਕਰਨ ਜਿਗਰ ਦੇ ਕੈਂਸਰ ਦੇ ਇੱਕ ਵੱਡੇ ਜੋਖਮ ਤੋਂ ਬਚਾਉਂਦਾ ਹੈ। ਸਾਫ਼ ਹਵਾ ਨੀਤੀਆਂ ਅਤੇ ਸੁਰੱਖਿਅਤ ਕਾਰਜ ਸਥਾਨ ਐਕਸਪੋਜਰ ਨੂੰ ਘਟਾਉਂਦੇ ਹਨ ਜਿਸਨੂੰ ਲੋਕ ਇਕੱਲੇ ਕੰਟਰੋਲ ਨਹੀਂ ਕਰ ਸਕਦੇ।

ਸ਼ੁਰੂਆਤੀ ਖੋਜ 'ਤੇ, ਤਰਜੀਹਾਂ ਵਿਹਾਰਕ ਰਹਿਣੀਆਂ ਚਾਹੀਦੀਆਂ ਹਨ:

ਭਰੋਸੇਯੋਗ ਫਾਲੋ-ਅੱਪ ਦੇ ਨਾਲ, ਸਰਵਾਈਕਲ ਸਕ੍ਰੀਨਿੰਗ ਜਦੋਂ ਸੇਵਾਵਾਂ ਉਪਲਬਧ ਹੋਣ।

ਛਾਤੀ ਦੀ ਜਾਗਰੂਕਤਾ, ਨਾਲ ਹੀ ਕਿਸੇ ਵੀ ਗੰਢ ਜਾਂ ਨਿੱਪਲ ਤਬਦੀਲੀ ਦਾ ਸਮੇਂ ਸਿਰ ਮੁਲਾਂਕਣ।

ਤੰਬਾਕੂ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ ਮੌਖਿਕ ਜਾਂਚ, ਕਿਉਂਕਿ ਸ਼ੁਰੂਆਤੀ ਮੂੰਹ ਦੇ ਜ਼ਖਮ ਦੇਖੇ ਜਾ ਸਕਦੇ ਹਨ।

ਇੱਕ ਜ਼ਖ਼ਮ ਜੋ ਠੀਕ ਨਹੀਂ ਹੁੰਦਾ, ਅਸਧਾਰਨ ਖੂਨ ਵਗਣਾ, ਇੱਕ ਗੰਢ ਜੋ ਵਧਦੀ ਹੈ, ਬਿਨਾਂ ਕਿਸੇ ਸਪੱਸ਼ਟ ਕਾਰਨ ਦੇ ਭਾਰ ਘਟਣਾ, ਜਾਂ ਖੰਘ ਜੋ ਦੂਰ ਨਹੀਂ ਹੁੰਦੀ। ਸਥਾਨਕ ਕਲੀਨਿਕ, ਆਸ਼ਾ ਵਰਕਰ, ਅਤੇ ਸਕ੍ਰੀਨਿੰਗ ਕੈਂਪ ਪਹਿਲੇ ਕਦਮ ਵਿੱਚ ਮਦਦ ਕਰ ਸਕਦੇ ਹਨ, ਜਿੰਨਾ ਚਿਰ ਉਹ ਲੋਕਾਂ ਨੂੰ ਜਲਦੀ ਨਿਦਾਨ ਅਤੇ ਇਲਾਜ ਨਾਲ ਜੋੜਦੇ ਹਨ।

ਬਿਹਤਰ ਇਲਾਜ ਪਹੁੰਚ ਦਾ ਅਰਥ ਹੈ ਤੇਜ਼ ਨਿਦਾਨ, ਕਿਫਾਇਤੀ ਦਵਾਈਆਂ, ਅਤੇ ਘਰ ਵਿੱਚ ਸਹਾਇਤਾ

ਜਲਦੀ ਹੀ ਮੌਤਾਂ ਨੂੰ ਘਟਾਉਣ ਲਈ, ਭਾਰਤ ਨੂੰ ਵਧੇਰੇ ਸਮਰੱਥਾ ਦੀ ਲੋੜ ਹੈ ਜਿੱਥੇ ਰੁਕਾਵਟਾਂ ਹੁੰਦੀਆਂ ਹਨ: ਪੈਥੋਲੋਜੀ ਲੈਬ, ਇਮੇਜਿੰਗ, ਅਤੇ ਰੇਡੀਓਥੈਰੇਪੀ ਯੂਨਿਟ, ਮਿਆਰੀ ਇਲਾਜ ਮਾਰਗਾਂ ਦੇ ਨਾਲ ਜੋ ਅਨੁਮਾਨ ਲਗਾਉਣ ਅਤੇ ਦੁਹਰਾਉਣ ਵਾਲੇ ਟੈਸਟਾਂ ਨੂੰ ਘਟਾਉਂਦੇ ਹਨ। ਤੇਜ਼ ਰਿਪੋਰਟਾਂ ਅਤੇ ਛੋਟੀਆਂ ਉਡੀਕਾਂ ਨਵੀਆਂ ਦਵਾਈਆਂ ਤੋਂ ਬਿਨਾਂ ਵੀ ਨਤੀਜੇ ਬਦਲ ਸਕਦੀਆਂ ਹਨ।

ਜਿਥੇ ਭਾਰਤ 'ਚ ਕੈਂਸਰ ਸੰਕਟ ਤੇਜ਼ੀ ਨਾਲ ਵੱਧ ਰਿਹਾ ਹੈ, ਹਰ ਸਾਲ 1.14 ਮਿਲੀਅਨ ਤੋਂ ਵੱਧ ਨਵੇਂ ਕੇਸ ਆਉਂਦੇ ਹਨ ਅਤੇ ਨਿਦਾਨ ਕੀਤੇ ਗਏ ਅੰਕੜੇ ਨਾਲੋਂ ਬਹੁਤ ਜ਼ਿਆਦਾ ਮੌਤਾਂ ਹੁੰਦੀਆਂ ਹਨ। ਦੇਰ ਨਾਲ ਪਤਾ ਲਗਾਉਣਾ, ਗੁਣਵੱਤਾ ਵਾਲੀ ਦੇਖਭਾਲ ਲਈ ਅਸਮਾਨੀ ਪਹੁੰਚ, ਅਤੇ ਵਿੱਤੀ ਤਣਾਅ ਬਚਾਅ ਨੂੰ ਘੱਟ ਕਰ ਦਿੰਦੇ ਹਨ, ਤੰਬਾਕੂ ਅਤੇ ਲਾਗ ਨਾਲ ਜੁੜੇ ਕੈਂਸਰਾਂ ਨੂੰ ਰੋਕਣ ਦੀ ਲੋੜ ਹੈ

ਆਓ ਸਭ ਮਿਲਕੇ ਆਪਣਾ ਫ਼ਰਜ਼ ਨਿਭਾਉਣ ਦੀ ਕੋਸ਼ਿਸ਼ ਕਰੀਏ- ਲੱਛਣਾਂ ਨੂੰ ਗੰਭੀਰਤਾ ਨਾਲ ਲੈ ਕੇ, ਟੀਕਾਕਰਨ ਅਤੇ ਤੰਬਾਕੂ ਛੱਡਣ ਦਾ ਸਮਰਥਨ ਕਰੀਏ ਅਤੇ ਹੋਰਾਂ ਨੂੰ ਪ੍ਰੇਰਤ ਕਰੀਏ। ਜੇਕਰ ਤੁਹਾਡੇ ਨੇੜੇ ਕੋਈ ਸੰਘਰਸ਼ ਕਰ ਰਿਹਾ ਹੈ, ਤਾਂ ਉਹਨਾਂ ਦੀ ਦੇਖਭਾਲ ਤੱਕ ਪਹੁੰਚਣ ਵਿੱਚ ਮਦਦ ਕਰੀਏ, ਅਤੇ ਲੰਬੇ ਸਮੇਂ ਤੱਕ ਉਹਨਾਂ ਦੇ ਨਾਲ ਰਹੀਏ।



**ਸੁਰਜੀਤ ਸਿੰਘ ਫਲੋਰਾ**

**SURJIT SINGH FLORA**
**Canada**
**647-829-9397**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜ਼ਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com